# ਸੰਵਾਦ

ISSN : 2395-1273

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜਨਵਰੀ-ਜੂਨ 2025
ਅੰਕ-21ਵਾਂ

ISSN : 2395-1273

# ਸੰਵਾਦ

**ਪੰਜਾਬੀ ਰੈਫ਼ਰੀਡ ਰਿਸਰਚ ਜਰਨਲ**

***A Peer Reviewed Punjabi Research Journal***

**ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ**

**ਸਰਪ੍ਰਸਤ**
ਡਾ. ਅਰਵਿੰਦਰ ਕੌਰ ਕਾਹਲੋਂ
ਪ੍ਰਿੰਸੀਪਲ (ਕਾਰਜਕਾਰੀ)
ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

| Patron : | Chief Editor: |
|---|---|
| *Dr. A. K. Kahlon* | *Dr. Atam Singh Randhawa* |
| +91 98724-56833 | +91 98722-17273 |
| ISSN : 2395-1273 | January-June 2025 |


**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**

## ਤਤਕਰਾ


- **ਸੰਪਾਦਕੀ** 5
- **ਕੁਆਂਟਮ ਕਾਵਿ-ਸ਼ਾਸਤਰ** 9
  ਅਮਰਜੀਤ ਸਿੰਘ ਗਰੇਵਾਲ
- **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
  ਡਾ. ਮਹਿਲ ਸਿੰਘ
- **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
  ਡਾ. ਰਣਜੀਤ ਸਿੰਘ ਘੁੰਮਣ
- **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
  ਡਾ. ਸੁਖਦੇਵ ਸਿੰਘ ਸੋਹਲ
- **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
  ਡਾ. ਜਸਵਿੰਦਰ ਸਿੰਘ
- **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
  ਡਾ. ਸਰਬਜੀਤ ਸਿੰਘ
- **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
  ਡਾ. ਅਮਨਪ੍ਰੀਤ ਸਿੰਘ ਗਿੱਲ
- **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
  ਡਾ. ਪਰਮਜੀਤ ਕੌਰ ਸਿੱਧੂ
- **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
  ਡਾ. ਪਰਮਿੰਦਰ ਸਿੰਘ
- **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
  ਡਾ. ਰਜਨੀ ਬਾਲਾ
- **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❐ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❐ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❐ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❐ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❐ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❐ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❐ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❐ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❐ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ


**ਪੁਸਤਕ ਰੀਵਿਊ :**



- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
  ਡਾ. ਪਰਮਜੀਤ ਢੀਂਗਰਾ


◈

**ਪੁਸਤਕ ਰੀਵਿਊ**

# ਚੁਰਾਸੀ ਲੱਖ ਯਾਦਾਂ (ਨਾਵਲ)

## ਜਸਬੀਰ ਮੰਡ




**ਰੀਵਿਊਕਾਰ : ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ
✆98722-66667

| | | |
|---|---|---|
| ਪ੍ਰਕਾਸ਼ਕ | : | ਆਟਮ ਆਰਟ, ਪਟਿਆਲਾ। |
| ਸਾਲ | : | 2024 |
| ਪੰਨੇ | : | 456 |
| ਮੁੱਲ | : | 625/- ਰੁਪਏ |

ਇਹ ਜਸਬੀਰ ਮੰਡ ਦਾ ਛੇਵਾਂ ਨਾਵਲ ਹੈ। ਇਸ ਨਾਵਲ ਦੇ 10 ਭਾਗ ਤੇ 76 ਕਾਂਡ ਹਨ। ਆਪਣੇ ਨਾਮ ਮੁਤਾਬਿਕ ਇਹ ਨਾਵਲ ਪੰਜਾਬ ਵਿਚ ਵਾਪਰੇ 1984 ਦੇ ਦੁਖਾਂਤ ਨਾਲ ਸਬੰਧਿਤ ਹੈ। ਅਕਾਲ ਤਖ਼ਤ ਸਾਹਿਬ ਢਾਹੇ ਜਾਣ ਦੀ ਘਟਨਾ ਸਮੁੱਚੀ ਨਾਵਲੀ ਕਥਾ ਦੇ ਆਰਪਾਰ ਫੈਲੀ ਹੋਈ ਹੈ। ਇਸ ਘਟਨਾ ਦੇ ਰਨਵੇਅ ਉੱਤੇ ਹੀ ਨਾਵਲ ਉਸਰਿਆ ਹੋਇਆ ਹੈ। ਇਸ ਘਟਨਾ ਦੇ ਰੋਸ ਵਜੋਂ ਹੀ ਸਿੱਖ ਖਾੜਕੂ ਲਹਿਰ ਵਧਦੀ-ਫੁੱਲਦੀ ਵਿਖਾਈ ਗਈ ਹੈ। ਇਸ ਲਹਿਰ ਦੀ ਮੁੱਖ ਕਥਾ ‘ਮੈਂ’ (ਅਮਰਪਾਲ) ਪਾਤਰ ਨਾਲ ਸਬੰਧਿਤ ਹੈ। ਇਹ ਨਾਵਲ ਸਵੈ-ਜੀਵਨੀ ਦੀ ਢਾਲ ਵਿਚ ਢਲਿਆ ਨਜ਼ਰ ਆਉਂਦਾ ਹੈ।

ਖਾੜਕੂਆਂ/ਸਿੰਘਾਂ ਦੀ ਸਾਰੀ ਦਹਿਸ਼ਤ ਤੇ ਕਾਰਵਾਈ ਬਦਲੇ ਨਾਲ ਸਬੰਧਿਤ ਹੈ। ਕੋਈ ਵੀ ਰਚਨਾ ਜਦ ਕਿਸੇ ਘਟਨਾ ਦੇ ਪ੍ਰਤਿਕਰਮ ਉੱਤੇ ਉਸਰੀ ਹੋਵੇ ਤਾਂ ਉਸ ਵਿਚ ਇਕਹਿਰੇਪਣ ਦਾ ਉਲਾਰ ਆ ਜਾਣਾ ਸੁਭਾਵਿਕ ਹੀ ਹੁੰਦਾ ਹੈ। ਇਹ ਨਾਵਲ ਕਿਸੇ ਕਾਰਜ ਜਾਂ ਕਰਮ ਦੇ ਪ੍ਰਤਿਕਰਮ ਵਜੋਂ ਹੈ। ਸਮੁੱਚੇ ਨਾਵਲ ਵਿਚੋਂ ਸੱਤਾ ਤੇ ਸਰਕਾਰੀ ਮਸ਼ੀਨਰੀ ਵਾਲੀ ਵਿਰੋਧੀ ਧਿਰ ਮੂਲੋਂ ਹੀ ਗਾਇਬ ਹੈ। ਨਾਵਲੀ ਕਥਾ ਇਕੋ-ਇਕ ਖਾੜਕੂ ਧਾਰਾ ਨਾਲ ਸਬੰਧਿਤ ਹੈ। ਨਾਵਲ ਵਿਚ ਜ਼ਿਆਦਾ ਘਟਨਾਵਾਂ ਸਿੱਧੀਆਂ ਨਹੀਂ ਵਾਪਰਦੀਆਂ ਹਨ। ਇਹ ਕੇਵਲ ਦੱਸੀਆਂ ਜਾਂਦੀਆਂ ਹਨ। ਇਸ ਨਾਲ ਵਰਣਨਤਾ ਦਾ ਪ੍ਰਭਾਵ ਵਧ ਜਾਂਦਾ ਹੈ। ਇਸ ਕਰਕੇ ਨਾਵਲ ਚਿੱਤਰਕਾਰੀ ਦੀ ਗਲਪਕਾਰੀ ਤੋਂ ਹੇਠਾਂ ਖਿਸਕਣ ਲੱਗਦਾ ਹੈ। ਨਾਵਲ ਦੀ ਸਮੁੱਚੀ ਤਾਕਤ ਪਾਤਰਾਂ ਦੀਆਂ ਮਨੋ-ਸਿਮਰਤੀਆਂ ਅਤੇ ਕੁਦਰਤੀ ਵਾਤਾਵਰਣ ਨੂੰ ਚਿਤ੍ਰਣ ਸਬੰਧੀ ਹੈ। ਨਾਵਲੀ ਭਾਸ਼ਾ ਰਮਜ਼ ਭਰੀ ਹੈ। ਕਈ ਵਾਕ ਯਾਦਗਾਰੀ ਹਨ। ਘਾੜ ਇਲਾਕੇ ਦਾ ਵਿਸ਼ੇਸ਼ ਆਂਚਲਿਕ ਚਿਤ੍ਰਣ ਹੈ। ਨਾਵਲਕਾਰ ਦਾ ਸਾਰਾ ਬਲ ਮਨੋ-ਚਿਤ੍ਰਣ ਤੇ ਕਾਵਿਕ ਭਾਸ਼ਾ ਉੱਤੇ ਹੈ। ਨਾਵਲ ਵਿਚ ਪ੍ਰਭਾਵੀ ਸ਼ੈਲੀ ਰਸ ਤੇ ਸੰਵੇਦਨਸ਼ੀਲਤਾ ਹੈ। ਪਰ ਕਥਾ-ਰਸ ਕਮਜ਼ੋਰ ਹੈ। ਬਿਰਤਾਂਤ ਦੀ ਚਾਲ ਧੀਮੀ ਵੀ ਹੈ ਤੇ ਠਹਿਰਾਅ ਵਿਚ ਵੀ। ਪਾਠਕ ਨੂੰ ਬਿਰਤਾਂਤਕ ਗਤੀਸ਼ੀਲਤਾ ਦਾ ਅਭਾਵ ਮਹਿਸੂਸ ਹੁੰਦਾ ਹੈ। ਉਂਜ ਪਾਤਰਾਂ ਦਾ ਵੱਡਾ ਕੋਈ ਉੱਚਾ ਸ਼ੋਰ, ਨਾਹਰਾ ਜਾਂ ਲਲਕਾਰਾ ਨਹੀਂ ਹੈ। ਖਾੜਕੂ ਧਿਰ ਆਪਣੇ ਕਿਸੇ ਵੱਡੇ ਉਦੇਸ਼ ਪ੍ਰਤੀ ਅਸਪੱਸ਼ਟ ਹੈ। ਉਨ੍ਹਾਂ ਦੀਆਂ ਕਈ ਦੁਚਿੱਤੀਆਂ ਹਨ। ਉਹ ਭਗੌੜੇ ਜੀਵਨ ਜਾਂ ਫ਼ਰਾਰੀ ਵਿਚ ਹਨ। ਪਰ ਅਜਿਹੇ ਜੀਵਨ ਦੀ ਔਖੀ ਘਾਟੀ ਸਬੰਧੀ ਜ਼ਿਕਰ ਅਲਪ ਮਾਤਰ ਹੀ ਹੈ। ਉਹ ਆਪਣਾ ਘਰ-ਘਾਟ ਗਵਾ ਕੇ ਹੋਰਨਾਂ ਦੇ ਘਰ ਵਸਾਉਣ ਦੀ ਕੋਸ਼ਿਸ਼ ਕਰਦੇ ਹਨ। ਪਿੰਡਾਂ ਵਿਚ ਹੋਰਨਾਂ ਦੇ ਟੁੱਟੇ ਦੰਪਤੀ-ਜੀਵਨ ਨੂੰ ਜੋੜਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਹ ਵੇਰਵੇ ਲਹਿਰ ਦੇ ਅਸਲ ਵਸਤੂ-ਯਥਾਰਥ ਤੋਂ ਓਪਰੇ ਲੱਗਦੇ ਹਨ। ਪਰ ਇਹ ਪਾਤਰਾਂ ਦੇ ਆਪਣੇ ਅੰਦਰਲੇ ਖਲਾਅ ਨੂੰ ਭਰਨ ਦਾ ਸੁਭਾਵਿਕ ਉਪਰਾਲਾ ਵੀ ਜਾਪਦੇ ਹਨ। ਸਾਰੇ ਪਾਤਰ ਵਾਹ ਲੱਗਦੀ ‘ਸ਼ਬਦ-ਗੁਰੂ’ ਦੇ ਰਾਹ ਚੱਲਣ ਦਾ ਅਹਿਦ ਕਰਦੇ ਹਨ। ਪਰ ਉਂਜ ਇਹ ਸਾਰੇ ਰੋਸ ਤੇ ਬਦਲੇ ਦੇ ਅਮਲ ਵਿਚ ਹਨ। ਇਸ ਤਰ੍ਹਾਂ ਪਾਤਰ ਦੋ-ਫ਼ਾੜ ਦ੍ਰਿਸ਼ਟੀ ਦੇ ਅੰਤਰ-ਵਿਰੋਧ ਵਿਚ ਹਨ। ਸਮੁੱਚਾ ਨਾਵਲ ਪੰਜਾਬ ਵਿਚ ਵਾਪਰੀ ਸਾੜਸਤੀ ਦਾ ਪਰਤੌ ਹੈ। ਨਾਵਲੀ ਕਥਾਨਕ ਵਿਚ ਖ਼ੌਫ਼ ਤੇ ਦਹਿਸ਼ਤ ਦਾ ਵਾਤਾਵਰਣ ਹੈ। ਲੇਖਕ ਵਾਰ-ਵਾਰ ਪੰਜਾਬ ਦੀ ਲੋਕੇਲ (ਸਥਾਨਕਤਾ) ਨੂੰ ਗੁਰੂ-ਸ਼ਬਦ ਨਾਲ ਜੁੜਣ ਦਾ ਸੁਨੇਹਾ ਦੇਂਦਾ ਹੈ। ਆਪਣੀ ਨਾਵਲੀ ਦ੍ਰਿਸ਼ਟੀ ਵਜੋਂ ਨਾਵਲਕਾਰ ਇਕ ਵੱਡਾ ਸਾਰਥਕ ਸੁਨੇਹਾ ਦਿੰਦਾ ਹੈ।

ਜਸਬੀਰ ਮੰਡ ਦੇ ਨਾਵਲਾਂ ਦੀ ਭਾਸ਼ਾ ਕਾਵਿਕ ਕਿਸਮ ਦੀ ਹੈ। ਪ੍ਰਕਿਰਤੀ ਚਿਤ੍ਰਣ ਦੀ ਯਥਾਰਥਕ ਆਭਾ ਹੈ। ਪਰ ਕੇਵਲ ਭਾਸ਼ਾ ਜਾਂ ਬਾਹਰੀ ਚਿਤ੍ਰਣ ਦੀ ਤਾਕਤ ਨਾਲ ਹੀ ਕੋਈ ਰਚਨਾ ਵੱਡੀ ਨਹੀਂ ਹੋ ਜਾਂਦੀ ਹੈ। ਸਾਹਿਤ

ਦੀ ਦੁਨੀਆਂ ਵਿਚ ਚੰਗੀ ਵਾਰਤਕ ਤੇ ਚੰਗੀ ਗਲਪ ਰਚਨਾ ਵਿਚ ਹਮੇਸ਼ਾ ਫ਼ਰਕ ਰਿਹਾ ਹੈ। ਗਲਪ ਵਿਚ ਬਿਰਤਾਂਤਕ ਦਿਲਚਸਪੀ, ਕਥਾ-ਰਸ, ਤਨਾਅ-ਟਕਰਾਅ, ਯਾਦਗਾਰੀ ਪਾਤਰਾਵਲੀ ਤੇ ਉਸਾਰੂ ਗਲਪੀ ਦ੍ਰਿਸ਼ਟੀ ਦੇ ਅਨੇਕਾਂ ਹੋਰ ਪੱਖ ਵੀ ਹੋਣੇ ਚਾਹੀਦੇ ਹਨ। ਇਨ੍ਹਾਂ ਸਭ ਦੀ ਸਮੁੱਚੀ ਸੰਰਚਨਾ ਨਾਲ ਹੀ ਕੋਈ ਰਚਨਾ ਉੱਤਮ ਬਣਦੀ ਹੈ। **ਚੁਰਾਸੀ ਲੱਖ ਯਾਦਾਂ** ਦੀ ਨਾਵਲੀ ਕਥਾ ਨੂੰ ਜੂੜ ਵੱਜਾ ਰਹਿੰਦਾ ਹੈ। ਇਹ ਬਹੁਤ ਘੱਟ ਹਿਲਦੀ-ਤੁਰਦੀ ਹੈ। ਇਸ ਦੇ ਪਹਿਲੇ ਕੁਝ ਪੰਨਿਆਂ ਵਿਚ ਹੀ ਨਾਵਲੀ ਸਮੁੱਚ ਬਾਰੇ ਸਪੱਸ਼ਟ ਹੋ ਜਾਂਦਾ ਹੈ। ਫਿਰ ਬਾਕੀ ਅੱਗੇ ਦੁਹਰਾਓ ਤੇ ਖੜੋਤ ਦਾ ਹੀ ਵੱਡਾ ਹਾਲਾ (ਪਰਛਾਵਾ) ਬਰਕਰਾਰ ਰਹਿੰਦਾ ਹੈ। ਨਾਵਲ ਵਿਚ ਕੋਈ ਫੈਲਾਅ ਨਹੀਂ ਹੈ। ਗਹਿਰਾਈ ਵੀ ਨਹੀਂ ਹੈ। ਪਾਠਕ ਨਾਵਲ ਦੇ ਅਸਲ ਸੁਨੇਹੇ ਨੂੰ ਲੱਭਣ ਪ੍ਰਤੀ ਮਾਯੂਸ ਹੋਇਆ ਨਜ਼ਰ ਆਉਂਦਾ ਹੈ। ਮੰਡ ਦੀਆਂ ਗਲਪੀ ਰਚਨਾਤਮਕਤਾ ਦੇ ਪੱਖ ਤੋਂ ਆਪਣੀਆਂ ਵਿਸ਼ੇਸ਼ ਨਾਵਲੀ ਰੂੜ੍ਹੀਆਂ ਪੱਕ ਗਈਆਂ ਹੋਈਆਂ ਹਨ। ਇਸ ਦੇ ਨਾਵਲ ਖਾਜ (2010) ਤੇ ਆਖਰੀ ਬਾਬੇ (2019) ਦੀ ਬਣਤਰ ਤੇ ਬੁਣਤਰ ਵੀ ਕੁਝ ਅਜੇਹੀ ਹੀ ਸੀ। ਤਾਂ ਹੀ, ਇਨ੍ਹਾਂ ਦੋਵਾਂ ਬਾਰੇ ਵੀ ਕੋਈ ਵਿਸ਼ੇਸ਼ ਚਰਚਾ ਨਹੀਂ ਚੱਲੀ ਸੀ। ਮੰਡ ਆਪਣੇ ਕੁਝ ਭਾਸ਼ਾਈ ਗੁਣਾਂ ਦੇ ਬਾਵਜੂਦ ਕਈ ਹੋਰ ਨਾਵਲੀ ਸੀਮਾਵਾਂ ਦੇ ਰੁਬਰੂ ਨਜ਼ਰ ਆਉਂਦਾ ਹੈ।

ਉਂਜ ਵੀ ਪੰਜਾਬ ਦੀ ਖਾੜਕੂ ਲਹਿਰ ਕੇਵਲ ਚੌਰਾਸੀ ਦੀ ਹੀ ਉਪਜ ਨਹੀਂ ਸੀ। ਚੁਰਾਸੀ ਦਾ ਦੁਖਾਂਤ ਤਾਂ ਉੱਠੀ ਲਹਿਰ ਦੌਰਾਨ ਵਾਪਰਿਆ ਇਕ ਵੱਡਾ ਹਾਦਸਾ ਸੀ। ਇਸ ਲਹਿਰ ਦੀਆਂ ਅਸਲ ਜੜ੍ਹਾਂ ਤਾਂ ਹਰੇ ਇਨਕਲਾਬ ਤੋਂ ਬਾਅਦ ਆਈ ਖੜੋਤ, ਸੈਂਟਰ-ਸਟੇਟ ਸਬੰਧਾਂ ਦੀ ਰਾਜਸੀ ਸਿਆਸਤ, ਨਿਰੰਕਾਰੀ ਕਾਂਡ (1978), ਆਪਣੇ ਰਾਜ ਦੇ ਅਭਿਲਾਸ਼ੀ ਸੁਪਨੇ ਤੇ ਸਾਡੀ ਵਿਸ਼ੇਸ਼ ਜੋਸ਼ੀਲੀ ਮਨੋਸਥਿਤੀ ਆਦਿ ਦੇ ਕਈ ਕਾਰਣਾਂ ਨਾਲ ਜੁੜੀਆਂ ਹੋਈਆਂ ਸਨ। ਇਨ੍ਹਾਂ ਪਰਤਾਂ ਪ੍ਰਤੀ ਨਾਵਲ ਵਿਚ ਨਾ ਕੋਈ ਹੋਰ ਲੋਅ ਨਹੀਂ ਹੈ। ਇਸ ਤਰ੍ਹਾਂ ਚੁਰਾਸੀ ਦੇ ਦੁਖਾਂਤ ਨੂੰ ਕਿਸੇ ਵੱਡੇ ਇਤਿਹਾਸਕ ਨਜ਼ਰੀਏ ਤੋਂ ਨਹੀਂ ਪੇਸ਼ ਕੀਤਾ ਗਿਆ ਹੈ। ਇਹ ਦੁਖਾਂਤ ਇਕ ਟੁੱਟਵੇਂ ਕਾਲ ਖੰਡ ਵਜੋਂ ਪੇਸ਼ ਹੋਇਆ ਹੈ। ਸਾਰੀ ਨਾਵਲੀ ਬਣਤਰ ਜਟਿਲ ਨਹੀਂ, ਇਕਹਿਰੀ ਪਰਤ ਵਾਲੀ ਹੈ। ਨਾਵਲ ਵਿਚ ਮੁੱਖ ਯਾਦ ਸਿਰਫ਼ 'ਅਕਾਲ ਤਖਤ' ਨਾਲ ਹੀ ਸਬੰਧਿਤ ਹੈ। ਚੁਰਾਸੀ ਲੱਖ ਪੱਖਾਂ, ਯਾਦਾਂ ਜਾਂ ਕਾਰਣਾਂ ਦੇ ਬਹੁ-ਪਰਤੀ ਵੇਰਵੇ ਨਾਵਲ ਵਿਚ ਕਿਤੇ ਵੀ ਨਹੀਂ ਹਨ। ਇਸ ਕਰਕੇ **ਔੜ ਦੇ ਬੀਜ** (1986) ਤੇ **ਬੋਲ ਮਰਦਾਨਿਆ** (2015) ਨਾਵਲ ਨਾਲ ਮੰਡ ਦੀ ਬਤੌਰ ਨਾਵਲਕਾਰ ਜੋ ਪੈਂਠ ਬਣੀ ਸੀ, ਉਸ ਤੋਂ ਅੱਗੇ ਤੁਰਨਾ ਅਜੇ ਬਾਕੀ ਹੈ।

ਵਿਦਵਾਨ ਆਲੋਚਕ ਡਾ.ਪੀ.ਲਾਲ ਦੀ ਨਾਵਲੀ ਭੂਮਿਕਾ ਸਮਾਜ ਸ਼ਾਸਤਰੀ ਨਜ਼ਰੀਏ ਵਾਲੀ ਹੈ। ਇਹ ਭੂਮਿਕਾ ਨਾਵਲ ਤੇ ਨਾਵਲਕਾਰ ਪ੍ਰਤੀ ਵਿਸ਼ੇਸ਼ਣਾਂ ਨਾਲ ਲੱਦੀ ਹੋਈ ਹੈ। ਇਸ ਭੂਮਿਕਾ ਵਿਚ ਗਲਪ ਸ਼ਾਸਤਰੀ ਵਿਸ਼ਲੇਸ਼ਣ ਦੀ ਥੁੜ ਹੈ। ਪਰ ਕਿਸੇ ਨਾਵਲ ਨੇ ਆਪਣੀ ਸਮੁੱਚੀ ਰਚਨਾਤਮਕ ਗਲਪਕਾਰੀ ਦੇ ਪੱਖ ਤੋਂ ਕਿਵੇਂ ਯਾਦਗਾਰੀ ਤੇ ਪਾਇਦਾਰ ਬਣਨਾ ਹੈ, ਅਜਿਹੀ ਗਲਪੀ-ਦ੍ਰਿਸ਼ਟੀ ਪ੍ਰਤੀ ਆਲੋਚਕ ਦਾ ਕੋਈ ਨਜ਼ਰੀਆ ਨਹੀਂ ਹੈ।

ਜਸਬੀਰ ਮੰਡ ਇਕ ਮਿਹਨਤੀ ਤੇ ਸੰਜੀਦਾ ਨਾਵਲਕਾਰ ਹੈ। ਇਸ ਨੇ ਕਦੀ ਛੇਤੀ-ਛੇਤੀ ਛਪਣ-ਛਾਪਣ ਦੀ ਕੋਈ ਕਾਹਲ ਵੀ ਨਹੀਂ ਕੀਤੀ ਹੈ। ਇਹ ਆਮ ਸਟੇਜਾਂ ਦੀ ਵਾਹ-ਵਾਹ ਖੱਟਣ ਤੋਂ ਵੀ ਆਟੰਕ ਰਹਿਣ ਵਾਲਾ ਨਾਵਲਕਾਰ ਹੈ। ਮੰਡ ਵਿਚ ਅਨੇਕਾਂ ਵਿਅਕਤੀਗਤ ਗੁਣ ਉੱਚ ਪਾਏ ਦੇ ਹਨ। ਪਰ ਕਿਸੇ ਲੇਖਕ ਦੀ ਕੋਈ ਰਚਨਾ ਜਦ ਛਪ ਜਾਂਦੀ ਤਾਂ ਉਹ ਉਸ ਰਚਨਾਕਾਰ ਦੀ ਨਿੱਜੀ ਨਹੀਂ ਰਹਿੰਦੀ ਹੈ। ਉਸ ਨੂੰ ਸਮਾਜ ਜਾਂ ਪਾਠਕਾਂ ਨੇ ਕਈ ਪੱਖਾਂ ਤੋਂ ਵੇਖਣਾ ਤੇ ਵਾਚਣਾ ਹੁੰਦਾ ਹੈ। ਇਸ ਕਰਕੇ ਕੋਈ ਨਾਵਲ ਆਪਣੇ ਵੱਡੇ ਆਕਾਰ ਕਰਕੇ ਹੀ ਵੱਡਾ ਨਹੀਂ ਹੋ ਜਾਂਦਾ ਹੈ। ਇਸ ਸਬੰਧੀ ਵੱਡੀ ਤੇ ਵਿਸਤ੍ਰਿਤ ਗਲਪ-ਦ੍ਰਿਸ਼ਟੀ ਦੀ ਵੀ ਲੋੜ ਹੁੰਦੀ ਹੈ। ਮੰਡ ਵਿਚ ਅਥਾਹ ਭਾਸ਼ਾਈ ਊਰਜਾ ਹੈ। ਆਪਣੀ ਸਥਾਨਿਕਤਾ ਤੇ ਆਂਚਲਿਕਤਾ ਨੂੰ ਪੇਸ਼ ਕਰਨ ਦੀ ਪੂਰੀ ਸਮਰੱਥਾ ਹੈ। ਪਰ ਇਨ੍ਹਾਂ ਗੁਣਾਂ ਦੇ ਨਾਲ-ਨਾਲ ਮੰਡ ਨੂੰ ਕੁਝ ਹੋਰ ਗਲਪੀ ਗੁਣ ਰਲਾਉਣ ਦੀ ਵੀ ਜ਼ਰੂਰਤ ਹੈ।


◈


ISSN : 2395-1273

ਪੁਸਤਕ ਰੀਵਿਊ

# ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ਼

## ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ




**ਰੀਵਿਊਕਾਰ : ਡਾ. ਯਾਦਵਿੰਦਰ ਸਿੰਘ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
✆ 7042073084

| | | |
|---|---|---|
| ਪ੍ਰਕਾਸ਼ਕ | : | ਆਟਮ ਆਰਟ, ਪਟਿਆਲਾ। |
| ਸਾਲ | : | 2024 |
| ਪੰਨੇ | : | 456 |
| ਮੁੱਲ | : | 625/- ਰੁਪਏ |

ਬੀਤੇ ਦਾ ਭਾਰ ਸਾਨੂੰ ਦਰੜ ਦੇਣ ਦੀ ਤਾਕ ਵਿਚ ਰਹਿੰਦਾ ਹੈ। ਯਾਦਾਂ ਦੀਆਂ ਇਹ ਤਣੀਆਂ ਰੱਸੀਆਂ ਹਰ ਦਮ ਸਾਡਾ ਸਾਹ ਸੂਤੀ ਰੱਖਦੀਆਂ ਹਨ। ਅਤੀਤ ਜਾਂ ਤਾਂ ਜੀਆਂ ਨੂੰ ਲਿਤਾੜ ਸੁੱਟਦਾ ਹੈ ਤੇ ਜਾਂ ਫਿਰ ਲਿਫਾ ਛੱਡਦਾ ਹੈ। *-ਫਰੈਡਰਿਕ ਨੀਤਸ਼ੇ*

ਕਾਲ ਰਾਜੇ ਬਿਕਰਮਾਦਿੱਤ ਦੇ ਮੋਢਿਆਂ ’ਤੇ ਚੜ੍ਹਿਆ ਬੇਤਾਲ ਹੈ। ਇਹ ਬੀਤਦਾ ਤਾਂ ਹੈ ਪਰ ਮਰਦਾ ਨਹੀਂ। ਅਸੀਂ ਚਾਹ ਕੇ ਵੀ ਆਪਣੇ ਅਤੀਤ ਤੋਂ ਖਹਿੜਾ ਨਹੀਂ ਛੁਡਾ ਸਕਦੇ। ਬੰਦਾ ਕੌੜੀਆਂ-ਕਸੈਲੀਆਂ ਯਾਦਾਂ ਨੂੰ ਭੁਲਾਉਣ ਲਈ ਜਿੰਨਾ ਵੱਧ ਤਰਲੋ-ਮੱਛੀ ਹੁੰਦਾ ਹੈ, ਉਹ ਓਨੀਆਂ ਹੀ ਉਹਦੇ ਚੇਤਿਆਂ ਵਿਚ ਖ਼ਲਲ ਪਾਉਂਦੀਆਂ ਹਨ। ਸੰਤਾਲੀ ਤੇ ਚੁਰਾਸੀ ਪੰਜਾਬ ਦੀ ਤਾਰੀਖ਼ ਦੇ ਦੋ ਇਹੋ ਜਿਹੇ ਮੰਜ਼ਰ ਨੇ ਜਿਹੜੇ ਵਾਰ-ਵਾਰ ਸਾਡੇ ਚੇਤੇ ਨੂੰ ਕੁਰੇਦਦੇ ਹਨ। ਯਾਦਾਂ ਦੀ ਇਹ ਤਣੀ ਰੱਸੀ ਅੱਜ ਵੀ ਸਾਡਾ ਸਾਹ ਸੂਤੀ ਰੱਖਦੀ ਹੈ ਅਤੇ ਕੁਰੂਕੁਸ਼ੇਤਰ ਦੇ ਯੁੱਧਖੇਤਰ ਵਿਚ ਭਟਕਦੀ ਅਸ਼ਵਥਾਮਾ ਦੀ ਰੂਹ ਵਾਂਗ ਸਾਨੂੰ ਬੀਤੇ ਦੇ ਬੋਝ ਤੋਂ ਮੁਕਤ ਨਹੀਂ ਹੋਣ ਦਿੰਦੀ।

ਸਦਮਿਆਂ ਨਾਲ ਭਰੇ ਅਤੀਤ ਨੂੰ ਖੰਘਾਲਣਾ ਬੜਾ ਔਖਾ ਹੈ। ਭੂਤਕਾਲ ਨੂੰ ਘਟਨਾਵਾਂ ਦੀ ਲੜੀ ਵਿਚ ਦੇਖਦਿਆਂ ਅਸੀਂ ਭੁੱਲ ਜਾਂਦੇ ਹਾਂ ਕਿ ਸਫ਼ਿਆਂ ’ਤੇ ਲਿਖੇ ਜਾਣ ਤੋਂ ਪਹਿਲਾਂ ਇਤਿਹਾਸ ਦੇਹ ਨੂੰ ਵੀ ਭੋਗਣਾ ਪੈਂਦਾ ਹੈ। ਲਿਹਾਜ਼ਾ, ਅਤੀਤ ਦਾ ਕਿੰਨਾ ਕੁਝ ਘਟਨਾਵਾਂ ਦੀ ਲੜੀਬੱਧ ਤਰਤੀਬ ਤੋਂ ਉਰ੍ਹਾਂ-ਪਰ੍ਹਾਂ ਰਹਿ ਜਾਂਦਾ ਹੈ। ਅਦੀਬਾਂ ਨੇ ਇਸ ਅਣਕਹੇ ਨੂੰ ਹੀ ਸ਼ਬਦ ਦੀ ਜੂਨੇ ਪਾਉਣਾ ਹੁੰਦਾ ਹੈ। ਪਰ ਦੇਹ ’ਤੇ ਉੱਕਰੇ ਇਹ ਆਰਕਾਇਵ ਅਕਸਰ ਸਾਡੇ ਸਾਹਿਤ ਦਾ ਸਹਿਜ ਹਿੱਸਾ ਬਣਨ ਤੋਂ ਖੁੰਝ ਜਾਂਦੇ ਹਨ। ਜਿਸ ਦੌਰ ਦੀ ਇਬਾਰਤ ਹਿੰਸਾ ਲਿਖ ਰਹੀ ਹੋਵੇ, ਉਨ੍ਹਾਂ ਵੇਲਿਆਂ ਵਿਚ ਤਾਂ ਮਾਮਲਾ ਹੋਰ ਵੀ ਉਲਝ ਜਾਂਦਾ ਹੈ। ਅਜਿਹੇ ਸਮਿਆਂ ਵਿਚ ਜਾਂ ਤਾਂ ਸ਼ਬਦ ਸੁੰਨ ਹੋ ਜਾਂਦੇ ਹਨ ਤੇ ਜਾਂ ਫੇਰ ਲੇਖਕ ਪੱਤਰਕਾਰ ਵਾਲੀ ਭੂਮਿਕਾ ਨਿਭਾਉਣ ਲੱਗਦਾ ਹੈ। ਉਹ ਘਟਨਾਵਾਂ ਨੂੰ ਖ਼ਬਰ ਬਣਾਉਣ ਵਾਲੀ ਲਿਖਤ ਨੂੰ ਹੀ ਸਾਹਿਤ ਦਾ ਮਸੌਦਾ ਮੰਨਣ ਦਾ ਭਰਮ ਪਾਲ ਬਹਿੰਦਾ ਹੈ। ਇਸੇ ਲਈ ਅਡਾਰਨੋ ਨੇ ਕਿਹਾ ਸੀ ਕਿ ਯਹੂਦੀਆਂ ਦੀ ਨਸਲਕੁਸ਼ੀ ਤੋਂ ਬਾਅਦ ਕਵਿਤਾ ਲਿਖਣਾ ਕਿਸੇ ਉਪੱਦਰ ਤੋਂ ਘੱਟ ਨਹੀਂ।

ਸਦਮਿਆਂ ਦੇ ਦੌਰ ਬਾਰੇ ਲਿਖੇ ਪੰਜਾਬੀ ਸਾਹਿਤ ਤੇ ਖਾਸ ਕਰਕੇ ਨਾਵਲ ਬਾਰੇ ਦੋ ਨੁਕਤਿਆਂ ਦੀ ਨਿਸ਼ਾਨਦੇਹੀ ਜ਼ਰੂਰੀ ਹੈ। ਪਹਿਲਾ, ਸੰਕਟ ਦੇ ਸਮਿਆਂ ਬਾਰੇ ਲਿਖਿਆ ਪੰਜਾਬੀ ਸਾਹਿਤ ਘਟਨਾਵਾਂ ਦੀ ਲੜੀ ਵਿਚੋਂ ਇਤਿਹਾਸਕ ਤੱਥਾਂ ਨੂੰ ਛਿੱਲ-ਤਰਾਸ਼ ਕੇ ‘ਯਥਾਰਥ’ ਨੂੰ ਪਛਾਨਣ ਦੀ ਚਾਰਾਜ਼ੋਈ ਕਰਨ ਲੱਗਦਾ ਹੈ। ਚੁਰਾਸੀ ਬਾਰੇ ਲਿਖਿਆ ਬਹੁਤਾ ਸਾਹਿਤ ਵੀ ਘਟਨਾਵਾਂ ਦੇ ਇਹੋ ਜਿਹੇ ਬਿਓਰੇ ਨਾਲ ਹੀ ਲੈਸ ਨਜ਼ਰ ਆਉਂਦਾ ਹੈ। ਸਟੇਟ ਤੇ ਖਾੜਕੂ ਧਿਰਾਂ ਦਰਮਿਆਨ ਵਾਪਰੀ ਹਿੰਸਾ ਨੂੰ ਬਿਆਨਦੀਆਂ ਇਹ ਲਿਖਤਾਂ ਦੇਹ ਨੂੰ ਉਸ ਯੁੱਧਭੂਮੀ ਵਾਂਗ ਚਿਤਰਦੀਆਂ ਹਨ ਜਿਸ ਉੱਤੇ ਜਿੱਤਾਂ-ਹਾਰਾਂ ਨੂੰ ਸ਼ਿਲਾਲੇਖਾਂ ਵਾਂਗ ਮੜ੍ਹ ਦਿੱਤਾ ਗਿਆ ਹੈ। ਇਸੇ ਕਰਕੇ ਇਹ ਇਤਿਹਾਸ ਨੂੰ ਵਿੱਥ ਤੋਂ ਦੇਖਣ ਦੀ ਨੀਝ ਗੁਆ ਬਹਿੰਦੀਆਂ ਹਨ। ਦੂਜਾ ਨੁਕਤਾ ਨਾਵਲ ਦੀ ਵਿਧਾ ਨਾਲ ਜੁੜਿਆ ਹੈ। ਨਾਵਲ ਅਜਿਹੀ ਸਾਹਿਤਕ ਸਿਨਫ਼ ਹੈ ਜਿਹਦੇ ਕਥਾਨਕ ਵਿਚ ਇਕੋ ਸਮੇਂ ਕਵਿਤਾ, ਕਹਾਣੀ ਤੇ ਵਾਰਤਕ ਸਮਾਨੰਤਰ ਵਿਚਰਦੇ ਹਨ। ਨਾਵਲੀ ਬਿਰਤਾਂਤ ਨੇ ਮਨੁੱਖੀ ਹੋਂਦ ਦੇ ਸੁਆਲ ਨੂੰ ਦਾਰਸ਼ਨਿਕਤਾ ਦੇ ਲੜ ਲਾਉਂਦਿਆਂ ਕਾਇਨਾਤ ਨਾਲ ਮਨੁੱਖੀ ਰਿਸ਼ਤੇ ਦੀ ਸੋਝੀ ਕਰਵਾਉਣੀ ਹੁੰਦੀ ਹੈ। ਲਿਹਾਜ਼ਾ, ਤਣਾਓ ਤੇ ਸਨਸਨੀ

ਸਿਰਜ ਕੇ ਹੀ ਕੋਈ ਲਿਖਤ ਨਾਵਲ ਨਹੀਂ ਬਣਦੀ। ਇਸ ਨੁਕਤੇ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਪੰਜਾਬੀ ਦਾ ਬਹੁਤਾ ਨਾਵਲ ਆਪਣੀ ਮਹਾਂਕਾਵਿਕ ਸੰਭਾਵਨਾ ਤੋਂ ਖੁੰਝਿਆ ਰਿਹਾ ਹੈ। ਇਹ ਲੰਮੀ ਕਹਾਣੀ ਦੀ ਸਿਨਫ਼ ਵਿਚ ਹੀ ਗੁਆਚ ਕੇ ਰਹਿ ਗਿਆ ਹੈ। ਜਾਂ ਕਹੀਏ ਕਿ ਸਾਡਾ ਬਹੁਤਾ ਨਾਵਲ ਦੋ-ਢਾਈ ਸੌ ਸਫ਼ਿਆਂ ਤਕ ਖਿੱਚੀ ਕਹਾਣੀ ਹੀ ਹੈ।

ਜਸਬੀਰ ਮੰਡ ਦੇ ਨਾਵਲ **ਚੁਰਾਸੀ ਲੱਖ ਯਾਦਾਂ** ਨੂੰ ਇਨ੍ਹਾਂ ਦੋ ਨੁਕਤਿਆਂ ਦੀ ਪਿੱਠਭੂਮੀ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ। ਇਹ ਨਾਵਲ ਦੇਹ ਦੀਆਂ ਗਹਿਰੀਆਂ ਪਰਤਾਂ ਵਿਚ ਸਮਾਈ ਸੂਖਮ ਹਿੰਸਾ ਦੀ ਘਾੜਤ ਨੂੰ ਮਹੀਨ ਨਜ਼ਰ ਨਾਲ ਤਕਣ ਦਾ ਤਹੱਈਆ ਕਰਦਾ ਹੈ। ਚੁਰਾਸੀ ਜਿਹੇ ਹਿੰਸਕ ਦੌਰ ਨੂੰ ਚਿਤਰਦਿਆਂ ਵੀ ਮੰਡ ਨੇ ਜਿੱਤ-ਹਾਰ ਦੇ ਚੌਖਟੇ ਵਿਚੋਂ ਬਾਹਰ ਰਹਿ ਗਈ ਦੇਹ ਦੀ ਸਹਿਜਤਾ ਨੂੰ ਗੁਆਚਣ ਨਹੀਂ ਦਿੱਤਾ। ਰਵਾਇਤੀ ਨਾਵਲ ਲੇਖਣ ਵਾਂਗ ਉਹ ਦੋ ਧਿਰਾਂ ਦੇ ਟਕਰਾਅ ਅਤੇ ਇਹਤੋਂ ਉਪਜੇ ਤਣਾਓ ਨੂੰ ਆਪਣੇ ਕਥਾਨਕ ਦਾ ਹਿੱਸਾ ਨਹੀਂ ਬਣਾਉਂਦਾ ਸਗੋਂ ਸੂਖਮਤਾ ਦੇ ਭਾਵਮੰਡਲ ਨੂੰ ਚਿਤਰਨ ਲਈ ਯਾਦਾਂ ਦੀ ਤਣੀ ਰੱਸੀ ’ਤੇ ਤੁਰਨ ਦਾ ਹੀਆ ਕਰਦਾ ਹੈ। ਉਹਨੂੰ ਅਹਿਸਾਸ ਹੈ ਕਿ ਭਾਸ਼ਾ ਅੰਦਰ ਅਜਿਹਾ ਕੋਈ ‘ਸੱਚ’ ਨਹੀਂ ਛੁਪਿਆ ਜਿਹੜਾ ਯਥਾਰਥ ਦੀ ਇੰਨ-ਬਿੰਨ ਵਿਆਖਿਆ ਕਰਦਾ ਹੋਵੇ। ਉਲਟਾ ਭਾਸ਼ਾ ਦਾ ਵਿਊਹ-ਚੱਕਰ ਤਾਂ ਵਸਤ-ਵਰਤਾਰਿਆਂ ਨੂੰ ਦੇਖਣ ਦੀ ਕੁਦਰਤੀ ਨੀਝ ਨੂੰ ਵੀ ਆਪਣੀ ਕੈਦ ਵਿਚ ਜਕੜ ਲੈਂਦਾ ਹੈ। ਭਾਸ਼ਾ ਅਰਥ ਤੇ ਵਿਆਖਿਆ ਦੀ ਅਜਿਹੀ ਲੜੀ ਉਸਾਰਦੀ ਹੈ ਕਿ ਸਾਡੀ ਕਿਸੇ ਵਰਤਾਰੇ ਨੂੰ ਸਹਿਜ ਰੂਪ ਵਿਚ ਦੇਖਣ ਦੀ ਸਮਰੱਥਾ ਵੀ ਗੁਆਚ ਜਾਂਦੀ ਹੈ। ਅਜਿਹੇ ਸਮੇਂ ਘਟਨਾਵਾਂ ਹੀ ਤੱਥ ਹੋ ਨਿੱਬੜਦੀਆਂ ਹਨ ਤੇ ਅਸੀਂ ਇਤਿਹਾਸ ਨੂੰ ਵਿੱਥ ਤੋਂ ਦੇਖਣਾ ਭੁੱਲ ਜਾਂਦੇ ਹਾਂ। ਚੁਰਾਸੀ ਨਾਲ ਵੀ ਕੁਝ ਇਹੋ ਜਿਹਾ ਹੀ ਵਾਪਰਿਆ। ਅਸੀਂ ਆਪਣੇ ਵੈਰਾਗ ਦੀ ਵੇਦਨਾ ਨੂੰ ਪਛਾਨਣ ਤੋਂ ਖੁੰਝ ਗਏ। ਭਾਸ਼ਾ ਦੀ ਸਿਆਸਤ ਨੇ ਦੁੱਖ ਤੇ ਸੋਗ ਨੂੰ ਰਲਗੱਡ ਕਰਕੇ ਸਾਨੂੰ ਕੁਰਾਹੇ ਪਾ ਦਿੱਤਾ ਤੇ ਅਸੀਂ ਸਮਝ ਹੀ ਨਾ ਸਕੇ ਕਿ ਕਦੋਂ ਇਸ ਰਾਹ ’ਤੇ ਪਈ ਸੰਵੇਦਨਾ ਨੇ ਸਨਸਨੀ ਦਾ ਰੂਪ ਧਾਰ ਲਿਆ। ਨਾਵਲ ‘ਚੁਰਾਸੀ ਲੱਖ ਯਾਦਾਂ’ ਦੀ ਇਕ ਸਤਰ ਹੈ - “ਤਾਰਿਆਂ ਦੀ ਅਡੋਲਤਾ ਕਿੰਨੀ ਚੜ੍ਹਦੀਕਲਾ ਵਿਚ ਹਿੱਲਜੁਲ ਨਾਲ ਸਹਿਜ ਹੈ। ਜਗ੍ਹਾ ਆਪਣੇ ਲਈ ਬਦਲਣੀ ਹੁੰਦੀ ਹੈ, ਕਿਸੇ ਨੂੰ ਹਿੱਲ ਕੇ ਥੋੜ੍ਹੀ ਵਿਖਾਉਣਾ ਹੁੰਦਾ।” ਇਹ ਸੰਵਾਦ ਨਾ ਸਿਰਫ਼ ਸੰਵੇਦਨਾ ਦੇ ਸਨਸਨੀ ਬਣ ਜਾਣ ਦੀ ਵਿਥਿਆ ਨੂੰ ਤਰਤੀਬ ਦਿੰਦਾ ਹੈ, ਬਲਕਿ ਦੱਸਦਾ ਹੈ ਕਿ ਨਾਵਲੀ ਬਿਰਤਾਂਤ ਮਹਿਜ਼ ਘਟਨਾਵਾਂ ਦੀ ਲੜੀ ਨਾਲ ਨਹੀਂ ਰਚਿਆ ਜਾਂਦਾ। ਇਹ ਸਿਰਜਣਾ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਦੀ ਮਸ਼ਕ ਵੀ ਹੈ।

**ਚੁਰਾਸੀ ਲੱਖ ਯਾਦਾਂ** ਦਾ ਕਥਾਨਕ ਭਾਸ਼ਾ ਦੇ ਵਿਊਹ-ਚੱਕਰ ਵਿਚ ਉਲਝੇ ਪੰਜਾਬੀ ਬੰਦੇ ਦੇ ਧੁਰਦੇਸ਼ ਦੀ ਉਸ ਵਿਥਿਆ ਨੂੰ ਬਿਰਤਾਂਤ ਵਿਚ ਢਾਲਦਾ ਹੈ ਜਿਸ ਕੋਲੋਂ ਆਪਣੇ ਦੁੱਖ ਨੂੰ ਦੇਖਣ ਤੇ ਦੱਸਣ ਦਾ ਤਰੀਕਾ ਖੋਹ ਲਿਆ ਗਿਆ ਹੈ। ਇਸੇ ਲਈ ਇਸ ਨਾਵਲ ਦੇ ਬਹੁਤੇ ਕਿਰਦਾਰ ਪਰਛਾਵਿਆਂ ਦੀ ਜੂਨ ਭੋਗਦੇ ਨਜ਼ਰ ਆਉਂਦੇ ਹਨ। ਪਰਛਾਵਿਆਂ ਦੀ ਤ੍ਰਾਸਦੀ ਹੈ ਕਿ ਉਹ ਚਾਹ ਕੇ ਵੀ ਆਪਣੇ ਮੂਲ ਵਿਚ ਵਾਪਸ ਨਹੀਂ ਪਰਤ ਸਕਦੇ। ਇਹ ਭਾਵੇਂ ਅਕਾਰ ਦਾ ਝਾਉਲਾ ਤਾਂ ਪਾ ਸਕਦੇ ਹਨ ਪਰ ਸਪਰਸ਼ ਦੀ ਛੋਹ ਇਨ੍ਹਾਂ ਨੂੰ ਨਸੀਬ ਨਹੀਂ ਹੁੰਦੀ। ਜਦੋਂ ਪਰਛਾਵਾਂ ਹੀ ਹਕੀਕਤ ਬਣ ਬਹੇ ਤਾਂ ਬੰਦਾ ਆਪਣੇ ਭਾਵ-ਬੋਧ ਤੋਂ ਵੀ ਰੂਪੋਸ਼ ਹੋਣ ਲੱਗਦਾ ਹੈ। ਅਜਿਹੇ ਵੇਲਿਆਂ ਵਿਚ ਘਰ ਦੀ ਥਾਂ ਟਿਕਾਣੇ ਲੈ ਲੈਂਦੇ ਹਨ। ਪਰਛਾਵਿਆਂ ਦੀ ਜੂਨੇ ਪਿਆ ਛੋਹ ਤੋਂ ਕੋਰਾ ਅਕਾਰ ਨਾ ਸਿਰਫ਼ ਸਿਮਰਤੀਆਂ ਅੰਦਰ ਜਿਉਂਦਾ ਹੈ ਸਗੋਂ ਇਨ੍ਹਾਂ ਯਾਦਾਂ ਨੂੰ ਵੀ ਆਪਣੇ ਰਸੂਖ਼ ਹੇਠ ਰੱਖਣਾ ਲੋਚਦਾ ਹੈ। ਇਹੋ ਜਿਹੇ ਪਲਾਂ ਦਾ ਅਨੁਭਵ ਕਿਸੇ ਜੀਵੰਤ ਅਹਿਸਾਸ ਤੋਂ ਊਣਾ ਰਹਿ ਜਾਂਦਾ ਹੈ। ਇਸ ਨਾਵਲ ਦੇ ਮਰਦ ਪਾਤਰ ਇਸ ਸੱਖਣੇਪਣ ਨੂੰ ਨਾ ਸਿਰਫ਼ ਮਹਿਸੂਸ ਕਰਦੇ ਹਨ ਸਗੋਂ ਆਪਣੀ ਦੇਹ ’ਤੇ ਵੀ ਭੋਗਦੇ ਹਨ। ਨਾਵਲ ਦਾ ਮੁੱਖ ਪਾਤਰ ਇਕ ਥਾਂਵੇਂ ਕਹਿੰਦਾ ਹੈ - “ਰੋਟੀ ਖਾਂਦੇ ਵਕਤ ਮੈਂ ਕਦੇ-ਕਦੇ ਬੁਰਕੀ ਨੂੰ ਰੋਟੀ ਵਾਂਗ ਫੜ ਲੈਂਦਾ। ਕੁਝ ਦੇਰ ਲਈ ਹੱਥਾਂ ਦੀਆਂ ਬੁਨਿਆਦੀ ਛੋਹਾਂ ਹੀ ਖ਼ਤਮ ਹੋ ਗਈਆਂ ਸਨ।”

ਧਰਾਤਲ ਤੋਂ ਟੁੱਟੇ ਪਰਛਾਵੇਂ ਜਿਸ ਰਾਹ ’ਤੇ ਤੁਰੇ ਹਨ, ਉਹ ਕਿਤੇ ਵੀ ਨਹੀਂ ਅੱਪੜਦਾ। ਇਸੇ ਲਈ ਇਨ੍ਹਾਂ ਦਾ ਵਾਪਰਨਾ ਅਤੀਤ ਵਿਚ ਹੀ ਕਿਤੇ ਠਹਿਰ ਗਿਆ ਹੈ। ਧੂਫ਼ ਬਣਨ ਨਿੱਕਲੇ ਇਹ ਕਦੋਂ ਧੂੰਆਂ ਬਣ ਗਏ, ਖ਼ੁਦ ਇਨ੍ਹਾਂ ਨੂੰ ਵੀ ਪਤਾ ਨਹੀਂ। ਸਪਰਸ਼ ਵਿਹੂਣੇ ਇਹ ਪਰਛਾਵੇਂ ਨਾ ਸਿਰਫ਼ ਸੰਵੇਦਨਾ ਨਾਲੋਂ ਰਿਸ਼ਤਾ ਤੋੜ ਬਹਿੰਦੇ ਹਨ ਬਲਕਿ ਇਤਿਹਾਸ ਨੂੰ ਵੀ ਮਹਿਜ਼ ਘਟਨਾਵਾਂ ਦੀ ਲੜੀ ਵਾਂਗ ਦੇਖਣ ਲੱਗਦੇ ਹਨ। ਇਨ੍ਹਾਂ ਦੀ ਤਕਣੀ ਵਿਚੋਂ ਅਹਿਸਾਸ ਗੁਆਚ ਜਾਂਦਾ ਹੈ। ਇਸ ਗੁਆਚੇ ਅਹਿਸਾਸ ਨੂੰ ਕੋਈ ਮਾਤਰੀ ਛੋਹ ਹੀ ਜੀਵੰਤ ਕਰ ਸਕਦੀ ਹੈ। ਇਸੇ ਲਈ ਮੰਡ ਨੇ ਇਸ ਨਾਵਲ ਦੇ ਨਾਰੀ ਕਿਰਦਾਰਾਂ ਨੂੰ ਬੜੀ ਸੂਖਮਤਾ ਨਾਲ ਸਿਰਜਿਆ ਹੈ। ਘਾੜ ਦੀਆਂ ਨਦੀਆਂ


ISSN : 2395-1273

ਵਾਂਗ ਲੰਘ ਗਏ ਪਾਣੀਆਂ ਦੇ ਸਪਰਸ਼ ਨੂੰ ਇਸ ਕਥਾਨਕ ਦੀਆਂ ਔਰਤਾਂ ਨੇ ਆਪਣੀਆਂ ਤੈਹਾਂ ਵਿਚ ਸਾਂਭ ਲਿਆ ਹੈ। ਅਤੀਤ ਦੇ ਉਧੜੇ ਤਾਣੇ-ਬਾਣੇ ਨੂੰ ਸੀਊਣ ਲਈ ਇਨ੍ਹਾਂ ਮਮਤਾ ਦੀ ਸੂਈ ਵਿਚ ਧਾਗਾ ਪਰੋਇਆ ਹੈ।

ਇਸ ਨਾਵਲ ਦੇ ਕਥਾਨਕ ਦਾ ਸਫ਼ਰ ਦੋ-ਦਿਸ਼ਾਵੀ ਹੈ। ਘਾੜ ਦੇ ਖਿੱਤੇ ਦੀਆਂ ਉਚਾਣਾਂ-ਨਿਵਾਣਾਂ ਤੇ ਟੋਇਆਂ-ਟਿੱਬਿਆਂ ਦੀ ਯਾਤਰਾ ਦਰਅਸਲ ਚੁਰਾਸੀ ਨਾਲ ਜੁੜੀ ਹਿੰਸਾ ਦੇ ਤਿੜਕੇ ਯਥਾਰਥ ਦੀਆਂ ਕਾਤਰਾਂ ਦਾ ਕੋਲਾਜ ਵੀ ਹੈ। ਇਸ ਕੋਲਾਜ ਨਾਲ ਮੰਡ ਸਮੇਂ ਬਾਰੇ ਰਵਾਇਤੀ ਸੂਝ ਨੂੰ ਹਲੂਣਦਾ ਹੈ ਅਤੇ ਅਣਮਨੁੱਖੀ ਕਹਿ ਕੇ ਨਕਾਰ ਦਿੱਤੇ ਜਗਤ ਨੂੰ ਸਾਡੇ ਅਨੁਭਵ ਦਾ ਹਿੱਸਾ ਬਣਾਉਂਦਾ ਹੈ। ਸਕਾਟਲੈਂਡ ਦਾ ਫਿਲਾਸਫਰ ਡੈਵਿਡ ਹਿਊਮ ਕਹਿੰਦਾ ਹੈ ਕਿ ਬੰਦੇ ਦੇ ਇਸ ਸੰਸਾਰ ਦਾ ਮਾਲਕ ਹੋਣ ਦੀ ਕਹਾਣੀ ਨਿਰੀ ਗੱਪ ਹੈ। ਬੰਦਾ ਆਪਣੇ ਅੱਧੇ-ਅਧੂਰੇ ਅਨੁਭਵ ਨੂੰ ਹੀ ਸੱਚ ਮੰਨੀ ਬੈਠਾ ਹੈ। ਸਾਡਾ ਆਲਾ-ਦੁਆਲਾ ਰਹੱਸ ਨਾਲ ਭਰਿਆ ਹੈ ਤੇ ਇਹਨੂੰ ਕਦੇ ਵੀ ਪੂਰੀ ਤਰ੍ਹਾਂ ਨਾਲ ਜਾਣ ਸਕਣ ਦੀ ਸੂਝ ਹੀ ਲੇਖਕ ਨੂੰ ਸਿਰਜਣਾ ਦੇ ਰਾਹ ਤੋਰਦੀ ਹੈ। ਜਸਬੀਰ ਮੰਡ ਦੀ ਸਿਰਜਣਾਤਮਕ ਸਮਰੱਥਾ ਇਸ ਗੱਲ ਵਿਚ ਨਿਹਿਤ ਹੈ ਕਿ ਉਹ ਕੇਵਲ ਮਨੁੱਖੀ ਅਨੁਭਵ ਨੂੰ ਹੀ ਮਾਨਵੀ ਸੂਝ ਦਾ ਕੇਂਦਰ ਨਹੀਂ ਮੰਨਦਾ। ਉਹਦੀ ਸਿਰਜਣਾ ਵਿਚ ਗ਼ੈਰ-ਮਨੁੱਖੀ ਕਹਿ ਕੇ ਨਕਾਰ ਦਿੱਤਾ ਅਨੁਭਵ ਵੀ ਸ਼ਾਮਲ ਹੈ। ਜੀਅ-ਜੰਤ, ਬਨਸਪਤੀ ਤੇ ਕੁਦਰਤ ਇਸ ਜੀਵੰਤ ਅਨੁਭਵ ਦੇ ਸ੍ਰੋਤ ਹਨ ਜਦਕਿ ਅਸੀਂ ਆਪਣੇ ਅੱਧੇ-ਅਧੂਰੇ ਅਨੁਭਵ ਨੂੰ ਹੀ ਸੰਪੂਰਨ ਸੱਚ ਮੰਨ ਲੈਣ ਦਾ ਵਹਿਮ ਪਾਲ ਲਿਆ ਹੈ। ਨਾਵਲ **ਚੁਰਾਸੀ ਲੱਖ ਯਾਦਾਂ** ਦਾ ਬਿਰਤਾਂਤ ਕਿਸੇ ਇਕਹਿਰੇ ਸੱਚ ਦੀ ਵਿਆਖਿਆ ਵਾਲੇ ਰਾਹ ਨਹੀਂ ਤੁਰਦਾ। ਇਹ ਚੁਰਾਸੀ ਦੇ ਕਾਲ ਖੰਡ ਨੂੰ ਕਿਸੇ ਵਿਚਾਰਧਾਰਾ ਜਾਂ ਦ੍ਰਿਸ਼ਟੀਕੋਣ ਦੇ ਨੁਕਤਾ-ਨਿਗਾਹ ਤੋਂ ਨਹੀਂ ਉਸਾਰਦਾ ਬਲਕਿ ਇਹਦੀ ਘਾੜਤ ਕਾਇਨਾਤੀ ਜਸ਼ਨ ਵਿਚ ਸ਼ਰੀਕ ਦੇਹ ਨੂੰ ਸਿਰਜਣਾ ਦੇ ਅਮਲ ਵਿਚ ਲਿਆਉਣਾ ਹੈ।

ਮੰਡ ਦੀ ਨਾਵਲਕਾਰੀ ਖਿੰਡੇ-ਪੁੰਡੇ ਵਸਤ-ਵਰਤਾਰਿਆਂ ਨੂੰ ਲੈਅਬੱਧ ਕਰਨ ਦੀ ਜੁਗਤ ਹੈ। ਮਨੁੱਖੀ ਅਨੁਭਵ ਵਿਚੋਂ ਬਾਹਰ ਰਹਿ ਗਏ ਇਸ ਜਗਤ ਵਿਚ ਕੁਦਰਤ ਦੀ ਮੌਲਦੀ ਸੁਰ ਧੜਕਦੀ ਹੈ। ਮੰਡ ਨੇ ਇਸ ਕਾਇਨਾਤੀ ਲੈਅ ਨੂੰ ਵੀ ਨਾਵਲ ਦੇ ਪਾਤਰਾਂ ਵਾਂਗ ਹੀ ਬੁਣਿਆ ਹੈ। ਉਹਨੇ ਧੁੱਪ ਤੇ ਹਵਾ ਦੇ ਸੁਮੇਲ ਨਾਲ ਪਾਰਦਰਸ਼ੀ ਹੁੰਦੀ ਧੁੰਦ ਨੂੰ ਸਹਿਜ ਸੁਭਾਅ ਹੀ ਚੁਰਾਸੀ ਦੇ ਦੁੱਖ ਤੇ ਵੈਰਾਗ ਨਾਲ ਜੋੜ ਦਿੱਤਾ ਹੈ। **ਚੁਰਾਸੀ ਲੱਖ ਯਾਦਾਂ** ਘਰ ਤੋਂ ਉੱਜੜੇ ਰੁਪੋਸ਼ੀ ਵਾਲੀ ਜ਼ਿੰਦਗੀ ਜਿਉਂਦੇ ਜੀਆਂ ਦੇ ਘਰ ਪਰਤਣ ਦੀ ਆਸ ਨੂੰ ਸੰਵੇਦਨਾ ਦੀ ਛੋਹ ਬਖ਼ਸ਼ਦਾ ਹੈ। ਨਾਵਲ ਦੀ ਆਖਰੀ ਸਤਰ ਵਿਚ ਆਈਆਂ ਤਿਤਲੀਆਂ ਦਾ ਜ਼ਿਕਰ ਵੀ ਇਸ ਗੱਲ ਦਾ ਜਾਮਨ ਹੈ ਕਿ ਅਤੀਤ ਦੀ ਜਕੜ ਤੋਂ ਮੁਕਤ ਹੋਣ ਲਈ ਦੇਹ ਤੇ ਰੰਗਾਂ ਨੂੰ ਉਡਾਣ ਭਰਨੀ ਹੀ ਪੈਂਦੀ ਹੈ - "ਪੈੜਚਾਲ ਦੇ ਦੋਵੇਂ ਪਾਸੇ ਸੰਘਣੀਆਂ ਵੇਲਾਂ ਤਿਤਲੀਆਂ ਨਾਲ ਭਰੀਆਂ ਪਈਆਂ ਸਨ। ਜਿੰਨਾ ਕੁ ਉਹ ਨੇੜੇ ਜਾਂਦੇ, ਓਨੇ ਕੁ ਹਿੱਸੇ ਵਿਚੋਂ ਉਹ ਰੰਗ ਸਮੇਤ ਉੱਡਣ ਲੱਗਦੀਆਂ। ਜਦ ਦੇਹ ਹੀ ਚੁੱਕ ਲਈ ਸੀ ਫਿਰ ਰੰਗ ਚੁੱਕਣੇ ਕਿਹੜੇ ਔਖੇ ਸਨ।"

◈


ਰਿਸਰਚ ਜਰਨਲ **ਸੰਵਾਦ** ਦਾ ਆਗਾਮੀ ਅੰਕ-22

(ਜੁਲਾਈ-ਦਸੰਬਰ 2025)


**ਸਾਹਿਤਕ ਟੈਕਸਟ ਕਿਵੇਂ ਸਮਝੀਏ ?**

ਮਾਹਿਰ ਵਿਦਵਾਨ ਤੇ ਰਿਸਰਚ ਸਕਾਲਰਜ਼

ਕਿਸੇ ਇਕ ਸਾਹਿਤ ਰੂਪ/ਵਿਧਾ ਨਾਲ ਸੰਬੰਧਿਤ ਆਪਣਾ ਖੋਜ-ਪੱਤਰ

31 ਮਾਰਚ 2025 ਤੱਕ ਭੇਜ ਸਕਦੇ ਹਨ।

sanvadpunjabi@gmail.com, www.sanvad.org




ਪੁਸਤਕ ਰੀਵਿਊ

# ਮਨੁ ਪੰਖੀ ਭਇਓ (ਨਾਵਲ)

ਮਨਮੋਹਨ

**ਰੀਵਿਊਕਾਰ : ਡਾ. ਹਰਪ੍ਰੀਤ ਸਿੰਘ**

ਸਹਾਇਕ ਪ੍ਰੋਫੈਸਰ ਪਰਫਾਰਮਿੰਗ ਆਰਟਸ, ਡੀ.ਏ.ਵੀ. ਕਾਲਜ ਆਫ ਐਜੂਕੇਸ਼ਨ, ਹੁਸ਼ਿਆਰਪੁਰ
✆ 9780618505

| | | |
|---|---|---|
| ਪ੍ਰਕਾਸ਼ਕ | : | ਚੇਤਨਾ ਪ੍ਰਕਾਸ਼ਨ ਲੁਧਿਆਣਾ |
| ਸਾਲ | : | 2025 |
| ਪੰਨੇ | : | 319 |
| ਮੁੱਲ | : | 375/- ਰੁਪਏ |

ਮਨਮੋਹਨ ਪੰਜਾਬੀ ਸਾਹਿਤ ਦਾ ਅਹਿਮ ਹਸਤਾਖਰ ਹੈ। ਬਤੌਰ ਕਵੀ, ਚਿੰਤਕ ਅਤੇ ਨਾਵਲਕਾਰ ਉਹ ਪਾਠਕਾਂ ਦੇ ਜ਼ਿਹਨ ਵਿਚ ਸਥਾਪਿਤ ਹੈ। **ਮਨੁ ਪਖੀ ਭਇਓ** ਉਸ ਦਾ ਤੀਸਰਾ ਨਾਵਲ ਹੈ। ਆਜ਼ਾਦੀ ਤੋਂ ਪਹਿਲਾਂ ਬਾਰਾਂ ਵਸਾਉਣ ਦੇ ਸਮਿਆਂ ਵੇਲੇ ਇਸ ਨਾਵਲ ਦਾ ਬਿਰਤਾਂਤ ਦ੍ਰਿਸ਼ਮਾਨ ਹੁੰਦਾ ਹੈ। ਨਾਵਲ ਦਾ ਕੇਂਦਰੀ ਪਾਤਰ ਭਾਈ ਬੋਧਾ ਸਿੰਘ ਗੁਰੂਘਰ ਦਾ ਵਜ਼ੀਰ ਹੈ। ਬਾਣੀ ਦਾ ਗਿਆਤਾ ਹੋਣ ਦੇ ਨਾਲ਼ ਨਾਲ਼ ਉਹ ਪੱਕੇ ਰਾਗਾਂ ਦਾ ਕੀਰਤਨੀਆਂ ਹੈ। ਇਸ ਤੋਂ ਇਲਾਵਾ ਉਹ ਸਕੂਲ ਵਿਚ ਗੁਰਮੁਖੀ ਪੜ੍ਹਾਉਂਦਾ ਹੈ। ਨਾਵਲਕਾਰ ਕਬੀਰ ਬਾਣੀ ਅਤੇ ਮਿਰਜ਼ਾ ਗ਼ਾਲਿਬ ਦੇ ਕਲਾਮ ਨੂੰ ਬਿਰਤਾਂਤਕ ਜੁਗਤ ਵਜੋਂ ਇਸਤੇਮਾਲ ਕਰਦਾ ਹੈ। ਇਹ ਜੁਗਤ ਨਾਵਲ ਦੇ ਅੰਤ ਤਕ ਬਰਕਰਾਰ ਰਹਿੰਦੀ ਹੈ। ਭਾਈ ਬੋਧਾ ਸਿੰਘ ਜਿਹੜੀ ਵੀ ਕਿਤਾਬ ਪੜ੍ਹਦਾ ਹੈ, ਜਿਹੜਾ ਵੀ ਅਖਬਾਰ ਪੜ੍ਹਦਾ ਹੈ, ਉਹ ਜਿਹੜੇ ਵੀ ਗਰਾਂ ਜਾਂਦਾ ਹੈ,ਨਾਵਲਕਾਰ ਉਸ ਬਾਰੇ ਮੁਢਲੀ ਜਾਣਕਾਰੀ, ਉਸ ਜਗ੍ਹਾ ਦੀ ਇਤਿਹਾਸਕਤਾ ਅਤੇ ਭੂਗੋਲਿਕ ਗਿਆਨ ਪਾਠਕਾਂ ਨਾਲ਼ ਸਾਂਝਿਆਂ ਕਰਦਿਆਂ ਬਿਰਤਾਂਤ ਨੂੰ ਅੱਗੇ ਵਧਾਉਂਦਾ ਹੈ। ਭਾਈ ਬੋਧਾ ਸਿੰਘ ਜਿਹੜੇ ਸਮਿਆਂ ਵਿਚ ਵਿਚਰ ਰਿਹਾ ਹੈ, ਉਸ ਸਮੇਂ ਦੀਆਂ ਸਮਾਜਕ, ਰਾਜਨੀਤਕ ਲਹਿਰਾਂ, ਭੂਗੋਲਿਕ ਹਾਲਤਾਂ ਅਤੇ ਉਸ ਸਮੇਂ ਵਾਪਰੀਆਂ ਵੱਡੀਆਂ ਘਟਨਾਵਾਂ ਪਾਠਕਾਂ ਨਾਲ਼ ਸਾਂਝਿਆਂ ਕਰਦਾ ਬਿਰਤਾਂਤ ਨੂੰ ਰੌਚਿਕ ਬਣਾਉਂਦਾ ਹੈ। ਨਾਵਲ ਦੇ ਸ਼ੁਰੂ ਵਿਚ ਭਾਈ ਬੋਧਾ ਸਿੰਘ ਭਰਾਵਾਂ ਦਾ ਦਬਾਇਆ ਹੋਇਆ ਅਣਗੌਲਿਆ ਕਿਰਦਾਰ ਹੁੰਦਾ ਹੈ। ਗੁਰਮੁਖ ਜਨਾਂ ਦੀ ਸੰਗਤ ਵਿਚ ਉਹ ਗੁਰਬਾਣੀ ਦੀ ਸੰਥਿਆ ਲੈਂਦਾ ਹੈ। ਕਲਾਸੀਕਲ ਰਾਗ ਵਿੱਦਿਆ ਸਿੱਖ ਕੇ ਇਕ ਚਿੰਤਨਸ਼ੀਲ ਮਨੁੱਖ ਵਜੋਂ ਨਿਖਰ ਕੇ ਸਾਹਮਣੇ ਆਉਂਦਾ ਹੈ। "ਕਬੀਰ ਮਨੁ ਪੰਖੀ ਭਇਓ,ਉਡਿ ਉਡਿ ਦਰ ਦਿਸ ਜਾਇ॥ ਜੋ ਜੈਸੀ ਸੰਗਤ ਮਿਲੈ ਸੋ ਤੈਸੋ ਫਲੁ ਖਾਇ ॥" ਭਾਈ ਬੋਧਾ ਸਿੰਘ ਰਾਗੀ ਪ੍ਰੇਮ ਸਿੰਘ ਪਾਰਸ, ਗਰੰਥੀ ਕਰਮ ਸਿੰਘ ਜ਼ਖਮੀ ਅਤੇ ਭਗਤ ਜੀ ਪਾਸੋਂ ਗੁਰਬਾਣੀ ਦੇ ਫਲਸਫੇ ਦੀ ਸੋਝੀ ਪਾਉਂਦਾ ਹੈ।

'ਪੰਖੀ' ਨੂੰ ਨਾਵਲਕਾਰ ਨੇ ਬਹੁਪਰਤੀ ਪ੍ਰਤੀਕ ਵਜੋਂ ਚਿਤਰਿਆ ਹੈ। ਕਦੇ ਭਾਈ ਬੋਧ ਸਿੰਘ ਦੇ ਮਨ ਦਾ ਪੰਛੀ ਉਦਾਸ ਹੁੰਦਾ ਹੈ। ਕਦੇ ਉਸ ਦੇ ਮਨ ਦਾ ਪੰਛੀ ਉੱਡੂ ਉੱਡੂੰ ਕਰਦਾ ਹੈ ਤੇ ਕਦੇ ਫਿਲਮ 'ਐਪਟੋਕਲਿਪਟੋ' ਦੇ ਨਾਇਕ ਵਾਂਗ ਉਸ ਨੂੰ ਹਵਾਵਾਂ ਆਉਣ ਵਾਲੇ ਸੰਕਟ ਬਾਰੇ ਸੁਨੇਹਾ ਦਿੰਦੀਆਂ ਹਨ। ਇਸ ਕਰਕੇ ਅਗਾਮੀ ਘਟਨਾਵਾਂ ਉਸ ਨੂੰ ਬੇਚੈਨ ਕਰਦੀਆਂ ਹਨ। ਉਸ ਦੇ ਦੋਸਤ ਹੀਰੇ ਦੀ ਮੌਤ ਦਾ ਦਰਦ ਅਤੇ ਵੰਡ ਦੇ ਭਿਆਨਕਤਾ ਉਸ ਦੇ ਮਨ ਦੇ ਪੰਛੀ ਨੂੰ ਪੱਛਦੀ ਹੈ।

ਨਾਵਲ ਨੂੰ ਕਾਂਡਾਂ ਜਾਂ ਅਧਿਆਵਾਂ ਵਿਚ ਨਹੀਂ ਵੰਡਿਆ ਸਗੋਂ ਕਬੀਰ ਬਾਣੀ ਅਤੇ ਮਿਰਜ਼ਾ ਗ਼ਾਲਿਬ ਦੇ ਕਲਾਮ ਦੇ ਹਵਾਲਿਆਂ ਨਾਲ਼ ਨਾਵਲ ਦ੍ਰਿਸ਼ ਦਰ ਦ੍ਰਿਸ਼ ਜਾਂ ਵਿਚਾਰ ਦਰ ਵਿਚਾਰ ਲਗਾਤਾਰਤਾ ਨਾਲ਼ ਚੱਲਦਾ ਹੈ। ਭਾਵੇਂ ਨਾਵਲ ਦਾ ਬਿਰਤਾਂਤ ਬਹੁਤਾ ਵੱਡਾ ਨਹੀਂ ਪਰ ਇਸ ਦਾ ਕੈਨਵਸ ਨਾਵਾਂ ਥਾਵਾਂ ਕਿਤਾਬਾਂ ਅਤੇ ਵਿਅਕਤੀਆਂ, ਲਹਿਰਾਂ ਦੇ ਵੇਰਵਿਆਂ ਨਾਲ਼ ਵੱਡਾ ਬਣਦਾ ਹੈ। ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਭਾਈ ਬੋਧਾ ਸਿੰਘ ਦੀ ਜ਼ਿੰਦਗੀ ਦਾ ਰੋਜ਼ਨਾਮਚਾ ਪੇਸ਼ ਕੀਤਾ ਗਿਆ ਹੈ।

ਜਾਤਾਂ ਜਮਾਤਾਂ ਦੇ ਰੌਲ਼ਿਆਂ ਨੂੰ ਬਿਰਤਾਂਤ ਵਿਚ ਬਾਖੂਬੀ ਪੇਸ਼ ਕੀਤਾ ਗਿਆ ਹੈ। ਅੰਗਰੇਜ਼ਾਂ ਵੇਲੇ ਇਕ ਪਾਸੇ ਜਾਤਾਂ ਦੇ ਰੌਲ਼ੇ ਆਪਣੇ ਅਰੂਜ਼ 'ਤੇ ਸਨ। ਦੂਜੇ ਪਾਸੇ ਦਲਿਤ ਲੋਕ ਇਸਾਈ ਬਣ ਕੇ ਫੌਜ ਵਿਚ ਭਰਤੀ ਹੋ ਰਹੇ ਸਨ। ਤੀਜਾ ਰੌਲ਼ਾ ਜਿਨਾਹ ਦੀ ਅਗਵਾਈ ਵਿਚ ਮੁਸਲਮਾਨਾਂ ਨੂੰ ਵੱਖਰੀ ਕੌਮ ਐਲਾਨਣ ਦਾ ਸੀ। ਗੁਰਬਾਣੀ ਦੇ ਹਵਾਲਿਆਂ ਨਾਲ਼ ਗੁਰਮੁਖ ਜਨ ਚਰਚਾ ਕਰਦੇ ਹਨ ਕਿ ਜਾਤ ਪਾਤ ਬਾਰੇ ਗੁਰੂ ਸਾਹਿਬਾਨ ਦਾ ਬੜਾ ਸਪੱਸ਼ਟ


(ਪੰਨੇ 168-169)
www.sanvad.org
ISSN : 2395-1273


ਫਰਮਾਨ ਹੈ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਓ ॥" ਦੂਜਾ ਹਵਾਲਾ ਬਾਬੂ ਮੰਗੂ ਰਾਮ ਦੀ 'ਆਦਿ ਧਰਮ' ਲਹਿਰ ਦਾ ਆਉਂਦਾ ਹੈ। ਇਹ ਲਹਿਰ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਵਿਹਾਰਿਕ ਰੂਪ ਬਰਾਬਰੀ ਦੇ ਹੱਕ ਲੈਣ ਲਈ ਸੁਚੇਤ ਕਰਦੀ ਹੈ। ਬੋਧਾ ਸਿੰਘ ਗੁਰਬਾਣੀ ਦਾ ਗਿਆਤਾ ਹੋਣ ਕਰਕੇ ਸਕੂਲ ਦੇ ਹੈੱਡ ਮਾਸਟਰ ਦੀ ਇੱਛਾ 'ਤੇ ਉਸ ਤੋਂ ਗੁਰਮੁਖੀ ਪੜ੍ਹਾਉਣ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ। ਸਕੂਲ ਵਿਚ ਅਖੌਤੀ ਉੱਚੀ ਜਾਤ ਦੇ ਬੱਚਿਆਂ ਲਈ ਪਾਣੀ ਪੀਣ ਦੀ ਸੁਵਿਧਾ ਤਾਂ ਹੈ ਪਰ ਦਲਿਤ ਬੱਚੇ ਸਕੂਲ ਤੋਂ ਬਾਹਰ ਨਹਿਰ ਤੋਂ ਪਾਣੀ ਪੀਣ ਲਈ ਮਜਬੂਰ ਹਨ। ਬੋਧਾ ਸਿੰਘ ਇਸ ਵਿਤਕਰੇ ਬਾਰੇ ਸੋਚਦਾ ਹੈ ਤਾਂ ਪਤਾ ਨਹੀਂ ਕੀ ਸੋਚ ਕੇ ਚੁੱਪ ਕਰ ਜਾਂਦਾ ਹੈ। ਬੋਧਾ ਸਿੰਘ ਦੀ ਚੁੱਪ ਪਾਠਕਾਂ ਦੇ ਮਨ ਵਿਚ ਬੇਸ਼ੁਮਾਰ ਸਵਾਲ ਪੈਦਾ ਕਰਦੀ ਹੈ।

ਭਾਵੇਂ ਇਸ ਨਾਵਲ ਦਾ ਕੇਂਦਰੀ ਪਾਤਰ ਭਾਈ ਬੋਧਾ ਸਿੰਘ ਹੈ ਪਰ ਦੂਜੇ ਕਿਰਦਾਰਾਂ ਭੂਮਿਕਾ ਨੂੰ ਨਾਵਲਕਾਰ ਨੇ ਬੜੀ ਰੀਝ ਨਾਲ਼ ਚਿਤਰਿਆ ਹੈ। ਹੀਰਾ ਸਿੰਘ ਜੋ ਬੋਧਾ ਸਿੰਘ ਦਾ ਮਿੱਤਰ ਹੈ, ਦਾ ਪਿੰਡ ਦੇ ਰਿਆਜ਼ੇ ਘੁਮਿਆਰ ਦੀ ਧੀ ਤਰੰਨੁਮ ਨਾਲ ਇਸ਼ਕ ਹੈ। ਦੋਵੇਂ ਘਰੋਂ ਦੂਰ ਚਲੇ ਜਾਂਦੇ ਹਨ। ਦੋਵਾਂ ਦੇ ਮਜ਼੍ਹਬ ਵੱਖਰੇ-ਵੱਖਰੇ ਹੋਣ ਕਰਕੇ ਇਹ ਮੁਹੱਬਤ ਹੀਰੇ ਦੀ ਕਤਲ ਦਾ ਸਬੱਬ ਬਣਦੀ ਹੈ। ਹੀਰੇ ਦਾ ਅਣਪਛਾਤੇ ਲੋਕਾਂ ਵੱਲੋਂ ਕਤਲ ਬੋਧੇ ਦੇ ਸੀਨੇ ਦਾ ਸੱਲ ਬਣ ਜਾਂਦਾ ਹੈ। ਉਸ ਦੇ ਮਨ ਦੇ ਪੰਛੀ ਨੂੰ ਹੀਰੇ ਦਾ ਵਿਯੋਗ ਨਾਵਲ ਦੇ ਅੰਤ ਤਕ ਤੜਫਾਉਂਦਾ ਹੈ। ਹੀਰੇ ਦੇ ਮਰਨ ਤੋਂ ਪਹਿਲਾਂ ਉਸ ਦੇ ਮਾਂ ਬਾਪ ਜਹਾਨੋਂ ਕੂਚ ਕਰ ਜਾਂਦੇ ਹਨ ਪਿੱਛੇ ਬਚਦੀ ਉਸ ਭੈਣ ਕੰਮੋ ਨਾਲ਼ ਭਾਈ ਬੋਧਾ ਸਿੰਘ ਦਾ ਵਿਆਹ ਹੁੰਦਾ ਹੈ। ਜਦੋਂ ਕੰਮੋ ਦੇ ਘਰ ਦੇ ਸਾਰੇ ਜੀਅ ਜਿਉਂਦੇ ਜਾਗਦੇ ਸਨ ਤਾਂ ਭਾਈ ਬੋਧਾ ਸਿੰਘ ਦਾ ਖਾਮੋਸ਼ ਆਕਰਸ਼ਨ ਕੰਮੋ ਪ੍ਰਤੀ ਸੀ ਪਰ ਇਜ਼ਹਾਰ ਨਹੀਂ ਹੋ ਸਕਿਆ। ਜਿੱਥੇ ਭਾਈ ਬੋਧਾ ਸਿੰਘ ਜ਼ਹੀਨ ਅਤੇ ਜ਼ਿੰਮੇਦਾਰ ਵਿਅਕਤੀ ਹੈ ਉੱਥੇ ਹੀਰਾ ਸਿੰਘ ਹੁਨਰਮੰਦ ਤਾਂ ਹੈ ਪਰ ਆਪਣੇ ਕੰਮ ਪ੍ਰਤੀ ਵਚਨਬੱਧਤਾ ਨਹੀਂ ਹੈ। ਦੋਵਾਂ ਵਿਚ ਇਕ ਸਾਂਝਾ ਗੁਣ ਹੈ ਸੰਗੀਤ ਰਸੀਏ ਹੋਣ ਦਾ। ਨਾਵਲ ਦੀਆਂ ਔਰਤਾਂ ਚਾਚੀ ਸ਼ੰਕਰ ਕੌਰ ਅਤੇ ਉਸ ਦੀ ਧੀ ਕੰਮੋ ਅਤੇ ਕੰਮੋ ਦੀ ਭਰਜਾਈ ਤਰੰਨੁਮ ਤਿੰਨੇ ਤ੍ਰਾਸਦਿਕ ਕਿਰਦਾਰ ਹਨ। ਤਿੰਨਾਂ ਨੂੰ ਆਪਣੀ ਜੰਮਣ ਭੋਇ ਤਿਆਗਣੀ ਪੈਂਦੀ ਹੈ। ਤਿੰਨੇ ਬਹੁਤ ਕੁਝ ਅਣਕਿਹਾ ਬਿਰਤਾਂਤ ਛੱਡ ਕੇ ਜਾਂਦੀਆਂ ਹਨ।

ਨਾਵਲ ਦਾ ਕੇਂਦਰੀ ਵਰਤਾਰਾ ਦੇਸ਼ ਦੀ ਵੰਡ ਹੈ। ਨਾਵਲ ਦੁਖਾਂਤ 'ਤੇ ਆ ਕੇ ਖਤਮ ਹੁੰਦਾ ਹੈ। ਪਾਕਿਸਤਾਨ ਦੇ ਬੀਜ ਤੋਂ ਬਿਰਖ ਬਣਨ ਤਕ ਦੀ ਕਹਾਣੀ ਇਸ ਨਾਵਲ ਦੇ ਜ਼ਰੀਏ ਪਾਠਕਾਂ ਨੂੰ ਸਹਿਜੇ ਹੀ ਸਮਝ ਆਉਂਦੀ ਹੈ। ਕਾਂਗਰਸ ਦੀ ਲੀਗ ਪ੍ਰਤੀ ਬੇਰੁਖੀ ਅਤੇ ਜਿੰਨਾਹ ਜ਼ਿੱਦ ਨੇ ਹੀ ਪਾਕਿਸਤਾਨ ਤਾਮੀਰ ਕਰਵਾਇਆ। ਦੰਗੇ-ਫਸਾਦਾਂ ਦੇ ਇਸ ਕਾਲ਼ੇ ਦੌਰ ਵਿਚ ਸਾਰੇ ਲੋਕ ਹੀ ਦੰਗਾਕਾਰੀ ਨਹੀਂ ਸਨ। 'ਰਸ਼ੀਦੇ' ਵਰਗੇ ਮਾਨਵਤਾ ਦੇ ਖੈਰਖਵਾਹ ਵੀ ਸਨ। ਰਸ਼ੀਦਾ ਲੱਖ ਯਤਨ ਦੇ ਬਾਵਜੂਦ ਵੀ ਬੋਧੇ ਦੇ ਪਰਿਵਾਰ ਨੂੰ ਬਚਾ ਨਹੀਂ ਸਕਿਆ। ਇਸੇ ਤਰ੍ਹਾਂ ਦੀ ਭੂਮਿਕਾ ਭਾਈ ਬੋਧਾ ਸਿੰਘ ਦੀ ਰਹੀ ਜਦੋਂ ਉਹ ਵੰਡ ਦੌਰਾਨ ਚੜ੍ਹਦੇ ਪੰਜਾਬ ਵਿਚ ਆਉਂਦਾ ਹੈ ਤਾਂ ਦੰਗਈਆਂ ਹੱਥੋਂ ਦੋ ਕੁੜੀਆਂ ਨੂੰ ਬਚਾਉਣ ਦੇ ਯਤਨ ਵਿਚ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਪਾਕਿਸਤਾਨ ਬਣਨ ਉਪਰੰਤ ਆਪਣੇ ਅੰਤਲੇ ਸਮੇਂ ਵਿਚ ਜਿੰਨਾਹ ਇਹ ਕਬੂਲ ਕਰਦਾ ਹੈ ਕਿ ਪਾਕਿਸਤਾਨ ਬਣਾ ਕੇ ਉਸ ਨੇ ਬਹੁਤ ਵੱਡੀ ਭੁੱਲ ਕੀਤੀ ਹੈ। ਨਾਵਲ ਦੇ ਪੋਸਟ ਸਕਰਿਪਟ ਵਾਲੇ ਅੰਤਲੇ ਚਿਪਟਰ ਵਿਚ ਕਰਤਾਰਪੁਰ ਲਾਂਘੇ ਕਰਕੇ ਪਾਠਕਾਂ ਨੂੰ ਥੋੜ੍ਹਾ ਸੁਖਦ ਅਹਿਸਾਸ ਕਰਵਾਉਂਦਾ ਹੈ।

ਨਾਵਲ ਵਿਚ ਗੁਰਬਾਣੀ ਫਲਸਫਾ, ਵਿਸ਼ਿਸ਼ਟ ਸਾਹਿਤ ਫਲਸਫਾ ਅਤੇ ਲੋਕ ਸਾਹਿਤ ਫਲਸਫਾ ਵੀ ਥਾਂ ਥਾਂ 'ਤੇ ਅੰਕਿਤ ਹੈ 'ਬੰਦਾ ਦਰਅਸਲ ਹੱਡ ਮਾਸ ਦਾ ਨਹੀਂ ਸਗੋਂ ਉਸ ਦੇ ਸੰਸਕਾਰਾਂ ਤੇ ਸਿਮਰਤੀਆਂ ਦਾ ਬਣਿਆ ਹੁੰਦਾ ਹੈ।' ਬੋਧੇ ਦਾ ਪਿਤਾ ਉਸ ਨੂੰ ਕਹਿੰਦਾ ਹੈ 'ਖੱਡੀ ਬੁਣਨਾ ਤੇ ਸਿਮਰਨ ਕਰਨਾ ਇਕੋ ਹੀ ਕਸਬ ਆ।' ਨਾਵਲਕਾਰ ਮੁੱਢਲੇ ਰੂਪ ਵਿਚ ਕਵੀ ਹੈ। ਇਸ ਲਈ ਨਾਵਲ ਦੀ ਭਾਸ਼ਾ ਕਾਵਿਮਈ ਅਤੇ ਸੰਜਮਮਈ ਹੈ: 'ਮਾਂ ਮਿੱਟ੍ਰ। ਬੋਧਾ ਸਭ ਕਾਸੇ ਤੋਂ ਫਾਰਗ। ਨਾ ਕੋਈ ਕੰਮ ਨਾ ਕੋਈ ਕਾਜ। ਨਾ ਧੰਦ ਨਾ ਪਿੱਟਣ। ਸਾਰੀ ਦਿਹਾੜੀ ਸ਼ੁਗਲ ਮੇਲਾ। ਕਦੇ ਕਿਸੇ ਢਾਣੀ ਜਾ ਬਹਿਣਾ। ਕਦੇ ਕਿਸੇ ਸੱਥ ਸੁੱਤੇ ਰਹਿਣਾ। ਭਰਾਵਾਂ ਭਾਬੀਆਂ ਦਾ ਗੋਲਪੁਣਾ ਕਰ ਡੰਗ ਟਪਾਈ ਕਰਨਾ,ਜਾਂ ਭਗਤ ਜੀ ਦੀ ਕੁਟੀਆ 'ਚ ਜਾ ਕੇ ਸਾਧੂ ਈਸ਼ਰ ਦਾਸ ਦੀਆਂ ਕਾਫੀਆਂ ਪੜ੍ਹ ਛੱਡਣਾ ..ਉਸ ਦਾ ਰੋਜ਼ ਦਾ ਕਾਰ ਵਿਹਾਰ ਸੀ।

ਭਾਈ ਬੋਧਾ ਸਿੰਘ ਭਾਵੇਂ ਇਤਿਹਾਸਕ ਕਿਰਦਾਰ ਨਹੀਂ ਪਰ ਉਸ ਦੁਆਲੇ ਪਿਰੋਈਆਂ ਘਟਨਾਵਾਂ ਦੀ ਇਤਿਹਾਸਕਤਾ ਕਰਕੇ ਅਤੇ ਉਸ ਦੀ ਕੁਰਬਾਨੀ ਕਰਕੇ ਉਹ ਕਿਰਦਾਰ ਇਤਿਹਾਸਕ ਹੋ ਨਿਬੜਦਾ ਹੈ। ਸਧਾਰਨ ਬੰਦੇ ਦੇ ਜੀਵਨ ਬਿਰਤਾਂਤ ਨੂੰ ਸਰਲ ਢੰਗ ਨਾਲ਼ ਬਿਆਨ ਕੇ ਨਾਵਲਕਾਰ ਨੇ ਵਧੇਰੇ ਮੁਸ਼ੱਕਤ ਵਾਲਾ ਕਾਰਜ ਕੀਤਾ ਹੈ। ਇਹ ਨਾਵਲ ਨਾਵਲ ਦੇ ਤੌਰ 'ਤੇ ਰੌਚਕ ਤਾਂ ਹੈ ਹੀ ਇਸ ਤੋਂ ਇਲਾਵਾ ਵੰਡ ਤੋਂ ਪਹਿਲਾਂ ਦੇ ਪੰਜਾਬ ਦੀਆਂ ਅਹਿਮ ਘਟਨਾਵਾਂ, ਸਾਹਿਤਕ ਕ੍ਰਿਤਾਂ ਦੀ ਜਾਣਕਾਰੀ ਦਾ ਵੀ ਅਹਿਮ ਦਸਤਾਵੇਜ਼ ਹੈ।






# ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)

ਹਰਿਭਜਨ ਸਿੰਘ ਭਾਟੀਆ

**ਰੀਵਿਊਕਾਰ : ਡਾ. ਪਰਮਜੀਤ ਢੀਂਗਰਾ**

ਸੇਵਾ ਮੁਕਤ, ਪ੍ਰੋਫ਼ੈਸਰ, ਪੰਜਾਬ ਯੂਨੀਵਰਸਿਟੀ ਰੀਜ਼ਨਲ ਸੈਂਟਰ, ਮੁਕਤਸਰ
✆ 94173 58120

ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
ਸਾਲ : 2025
ਪੰਨੇ : 271
ਮੁੱਲ : 450/- ਰੁਪਏ

ਡਾ.ਹਰਿਭਜਨ ਸਿੰਘ ਭਾਟੀਆ ਪੰਜਾਬੀ ਦੇ ਉੱਘੇ ਮੈਟਾ-ਆਲੋਚਕ ਤੇ ਚਿੰਤਕ ਹਨ। ਉਹਨਾਂ ਕੋਲ ਸਾਹਿਤ ਦੀ ਪਰੰਪਰਾ ਨੂੰ ਘੋਖਣ, ਪਰਖਣ ਤੇ ਉਹਦੇ ਬਾਰੇ ਚਿੰਤਨ ਕਰਕੇ ਸਟੀਕ ਦ੍ਰਿਸ਼ਟੀ ਉਸਾਰਣ ਦੀ ਸੂਝ ਸਮਝ ਹੈ। ਇਹੀ ਕਾਰਨ ਹੈ ਕਿ ਪੰਜਾਬੀ ਦੀ ਆਲੋਚਨਾ ਪਰੰਪਰਾ ਵਿਚ ਉਹ ਉੱਘੇ ਹਸਤਾਖ਼ਰ ਵਜੋਂ ਸਥਾਪਿਤ ਹਨ। ਉਨ੍ਹਾਂ ਦੀਆਂ ਆਲੋਚਨਾ ਬਾਰੇ ਧਾਰਨਾਵਾਂ ਸਟੀਕ ਹੋਣ ਦੇ ਨਾਲ-ਨਾਲ ਪੱਛਮੀ ਤੇ ਪੂਰਬੀ ਸਾਹਿਤ ਚਿੰਤਨ ਵਿਚੋਂ ਕਸ਼ੀਦ ਕੇ ਪੰਜਾਬੀ ਸਾਹਿਤ-ਸ਼ਾਸਤਰ ਦੀ ਪਛਾਣ ਕਰਨ ਵੱਲ ਰੁਚਿਤ ਹਨ। ਉਨ੍ਹਾਂ ਦਾ ਆਲੋਚਨਾਤਮਕ ਘੇਰਾ ਸਾਹਿਤ ਇਤਿਹਾਸ ਦੇ ਉਨ੍ਹਾਂ ਤੱਥਾਂ ਦੀ ਪਛਾਣ ਕਰਨ ਵੱਲ ਸੇਧਿਤ ਹੈ ਜਿਹੜੇ ਕਾਵਿ-ਸ਼ਾਸਤਰੀ ਮਹੱਤਵ ਵਾਲੇ ਹਨ। ਕਿਸੇ ਵੀ ਤੱਥ ਨੂੰ ਘੋਖਣ ਦੀ ਉਨ੍ਹਾਂ ਦੀ ਬਿਰਤੀ ਵਿਗਿਆਨਕ ਆਧਾਰ ਵਾਲੀ ਹੈ, ਜਿਸ ਵਿਚ ਤਰਕ/ਵਿਤਰਕ ਦੀ ਭਰਵੀਂ ਗੁੰਜਾਇਸ਼ ਬਣੀ ਰਹਿੰਦੀ ਹੈ।

**ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ** ਉਨ੍ਹਾਂ ਦੀ ਨਵੀਂ ਕਿਤਾਬ ਹੈ। ਇਸ ਕਿਤਾਬ ਦਾ ਉਨ੍ਹਾਂ ਦਾ ਮੂਲ ਮਕਸਦ ਸਾਹਿਤ ਇਤਿਹਾਸਾਂ ਦੀ ਪਰਖ ਪੜਚੋਲ ਕਰਨਾ ਹੈ। ਇਥੇ ਇਹ ਗੱਲ ਮਹੱਤਵਪੂਰਨ ਹੈ ਕਿ ਇਤਿਹਾਸ ਬਿਨ੍ਹਾਂ ਕਿਸੇ ਵਿਧੀ ਜਾਂ ਮਾਡਲ ਚੇਤਨਾ ਦੇ ਨਹੀਂ ਲਿਖੇ ਜਾ ਸਕਦੇ। ਪੰਜਾਬੀ ਵਿਚ ਲਿਖੇ ਇਤਿਹਾਸਾਂ ਬਾਰੇ ਇਸ ਗੱਲੋਂ ਕਈ ਕਿੰਤੂ, ਪਰੰਤੂ ਹੁੰਦੇ ਰਹੇ ਹਨ। ਇਸ ਲਈ ਇਨ੍ਹਾਂ ਦੀ ਪਰਖ- ਪੜਚੋਲ ਜ਼ਰੂਰੀ ਸੀ ਤਾਂ ਕਿ ਉਹ ਆਧਾਰ ਸਥਾਪਤ ਕਰਨ ਵਿਚ ਮਦਦ ਮਿਲੇ ਜੋ ਅਜੇ ਅਗਲੇ ਕਾਲ ਵਿਚ ਲਿਖੇ ਜਾਣੇ ਹਨ।

ਉਨ੍ਹਾਂ ਨੇ ਸਾਹਿਤ ਦੇ ਇਤਿਹਾਸਾਂ ਬਾਰੇ ਕੁਝ ਸਿਧਾਂਤਕ ਪੈਰਾਮੀਟਰ ਨਿਸਚਿਤ ਕੀਤੇ ਹਨ ਜੋ ਬੜੇ ਮੁੱਲਵਾਨ ਹਨ। ਇਹ ਸਾਹਿਤ ਇਤਿਹਾਸਕਾਰੀ ਲਈ ਮਾਡਲ ਚੇਤਨਾ ਪੈਦਾ ਕਰਦੇ ਹਨ-

- ਇਤਿਹਾਸਕਾਰ ਬੀਤੇ ਦਾ ਅਧਿਐਨ ਕਰਕੇ ਤੱਥਾਂ ਦੇ ਆਧਾਰ ਉਪਰ ਵਿਆਖਿਆ, ਵਿਸ਼ਲੇਸ਼ਣ ਤੇ ਮੁਲਾਂਕਣ ਦਾ ਕਾਰਜ ਕਰਦਾ ਹੈ।
- ਇਤਿਹਾਸਕਾਰੀ ਮੁੱਢਲੇ ਅਰਥਾਂ ਵਿਚ ਇਤਿਹਾਸ ਦੇ ਸਿਧਾਂਤ ਦਾ ਨਾਂ ਹੈ। ਇਤਿਹਾਸ ਲਿਖਣਾ ਹੋਵੇ ਜਾਂ ਲਿਖੇ ਗਏ ਇਤਿਹਾਸਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨਾ ਹੋਵੇ ਇਸਦੀ ਸਹਾਇਤਾ ਤੋਂ ਬਿਨ੍ਹਾਂ ਭਰੋਸੇਯੋਗ ਤੇ ਵਿਗਿਆਨਕ ਕਾਰਜ ਨਹੀਂ ਕੀਤਾ ਜਾ ਸਕਦਾ।
- ਸਾਹਿਤ ਇਤਿਹਾਸਕਾਰ ਆਪਣਾ ਕਾਰਜ ਭਾਸ਼ਾ, ਲਿੱਪੀਆਂ ਅਤੇ ਲਹਿਜਿਆਂ ਦੀ ਪਛਾਣ ਤੋਂ ਅਰੰਭ ਕਰਕੇ ਵਿਸ਼ੇਸ਼ ਸਾਹਿਤ ਦੇ ਕਾਲ ਦੇ ਪ੍ਰਵਾਹ ਵਿਚ ਫੈਲੇ ਤੱਥਾਂ ਨੂੰ ਇਕੱਤਰ ਕਰਦਾ ਹੈ।
- ਅਗਲਾ ਪੜਾਅ ਤੱਥਾਂ ਦੇ ਵਿਸ਼ਲੇਸ਼ਣ-ਮੁਲਾਂਕਣ ਰਾਹੀਂ ਸੱਚ ਜਾਂ ਅਸਲੀਅਤ ਤੱਕ ਅਪੜਣ ਦਾ ਹੁੰਦਾ ਹੈ । ਇਤਿਹਾਸਕਾਰ ਵਲੋਂ ਕੀਤੀ ਵਿਆਖਿਆ ਵਿਚੋਂ ਇਤਿਹਾਸਕਾਰ ਦੇ ਬਹੁਪੱਖੀ, ਬਹੁਪੱਧਰੀ ਗਿਆਨ ਤੇ ਅਧਿਐਨ-ਪਹੁੰਚਾਂ ਦੀ ਪਕੜ ਦਾ ਪਤਾ ਲੱਗਦਾ ਹੈ।
- ਬਹੁਪੱਖੀ ਗਿਆਨ ( ਭਾਸ਼ਾਈ, ਸਮਾਜਕ, ਸਭਿਆਚਾਰਕ, ਆਰਥਿਕ ਅਤੇ ਮਨੋਵਿਗਿਆਨਕ ਆਦਿ) ਅਤੇ ਸਾਹਿਤ ਅਧਿਐਨ ਵਿਧੀਆਂ ਉਪਰ ਪਕੜ ਸਾਹਿਤ ਇਤਿਹਾਸਕਾਰ ਨੂੰ ਪ੍ਰਮਾਣਿਕ ਇਤਿਹਾਸ ਲਿਖਣ ਦੇ ਸਮਰੱਥ ਬਣਾਉਂਦੀ ਹੈ।
- ਇਤਿਹਾਸਕਾਰ ਨੂੰ ਕਾਲ-ਵੰਡ ਅਤੇ ਅੱਗੋਂ ਕਾਲ-ਨਾਮਕਰਨ ਦਾ ਕਾਰਜ ਬੜੇ ਸੁਚੇਤ ਹੋ ਕੇ ਤਾਰਕਿਕ ਤੇ ਵਿਗਿਆਨਕ ਵਿਧੀ ਨਾਲ ਨੇਪਰੇ ਚਾੜ੍ਹਨਾ ਚਾਹੀਦਾ ਹੈ।


(ਪੰਨੇ 170-172)
**www.sanvad.org**
ISSN : 2395-1273

ਇਸ ਤਰ੍ਹਾਂ ਇਹ ਉਹ ਸਿਧਾਂਤਕ ਸੂਤਰ ਹਨ ਜਿਨ੍ਹਾਂ ਦੇ ਆਧਾਰ 'ਤੇ ਡਾਕਟਰ ਭਾਟੀਆ ਆਪਣਾ ਵਿਹਾਰਕ ਅਧਿਐਨ ਪੇਸ਼ ਕਰ ਰਹੇ ਹਨ।

ਸਾਹਿਤ ਇਤਿਹਾਸਾਂ ਬਾਰੇ ਉਨ੍ਹਾਂ ਨੇ ਬੜੀ ਜਾਨਦਾਰ ਟਿੱਪਣੀ ਕਰਦਿਆਂ ਲਿਖਿਆ ਹੈ- 'ਅਰਸਤੂ ਨੇ ਕਿਸੇ ਜ਼ਮਾਨੇ ਵਿਚ ਇਹ ਧਾਰਨਾ ਪੇਸ਼ ਕਰਕੇ ਕਿ ਇਤਿਹਾਸ ਵਿਚ ਨਾਵਾਂ ਤੇ ਤਿੱਥਾਂ ਦੇ ਸਿਵਾਏ ਕੁਝ ਵੀ ਸੱਚ ਨਹੀਂ ਹੁੰਦਾ, ਇਤਿਹਾਸ ਦੇ ਅਨੁਸ਼ਾਸਨ ਦੇ ਮਹੱਤਵ ਉਪਰ ਹੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਸੀ। ਅਕਸਰ ਲੋਕ ਇਹ ਕਹਿੰਦੇ ਵੀ ਸੁਣੀਂਦੇ ਹਨ ਕਿ ਇਤਿਹਾਸ ਤੋਂ ਅਸਾਂ ਇਹ ਸਿਖਿਆ ਹੈ ਕਿ ਅਸਾਂ ਇਤਿਹਾਸ ਤੋਂ ਕੁਝ ਵੀ ਨਹੀਂ ਸਿਖਿਆ।'

ਇਸ ਕਿਤਾਬ ਵਿਚ ਵਿਦਵਾਨ ਲੇਖਕ ਨੇ ਇਤਿਹਾਸ ਤੇ ਸਾਹਿਤ ਦੀ ਇਤਿਹਾਸਕਾਰੀ ਦੇ ਸਿਧਾਂਤਕ ਮੁੱਦਿਆਂ ਨੂੰ ਉਨ੍ਹਾਂ ਦੇ ਸੰਦਰਭ ਵਿਚ ਰੱਖ ਕੇ ਇਤਿਹਾਸਾਂ ਨੂੰ ਪਰਖਣ, ਫਰੋਲਣ, ਪੜਚੋਲਣ, ਮੁਲਾਂਕਣ ਕਰਨ ਤੇ ਉਨ੍ਹਾਂ ਬਾਰੇ ਤੱਥ ਨਿਰਧਾਰਨ ਦੀ ਖ਼ੋਜ ਬਾਰੇ ਇਕ ਵਿਧੀ-ਵਿਧਾਨ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਇਸ ਆਧਾਰ 'ਤੇ ਦੂਸਰੇ ਖੰਡ ਵਿਚ ਬਾਵਾ ਬੁੱਧ ਸਿੰਘ ਤੋਂ ਲੈ ਕੇ ਮੌਲਾ ਬਖਸ਼ ਕੁਸ਼ਤਾ, ਮੋਹਨ ਸਿੰਘ ਦੀਵਾਨਾ, ਬਨਾਰਸੀ ਦਾਸ ਜੈਨ,ਗੋਪਾਲ ਸਿੰਘ ਦਰਦੀ, ਸੁਰਿੰਦਰ ਸਿੰਘ ਨਰੂਲਾ, ਗਿਆਨੀ ਹੀਰਾ ਸਿੰਘ ਦਰਦ, ਆਈ.ਸੇਰੇਬਰੀਆਕੋਵ, ਜੀਤ ਸਿੰਘ ਸੀਤਲ ਤੇ ਪਿਆਰਾ ਸਿੰਘ ਪਦਮ ਤਕ ਲਿਖੇ ਸਾਹਿਤ ਦੇ ਇਤਿਹਾਸਾਂ ਦੀ ਨਜ਼ਰਸਾਨੀ ਕਰਕੇ ਪੜ੍ਹਤ ਤਿਆਰ ਕੀਤੀ ਹੈ। ਇਸ ਪੜ੍ਹਤ ਵਿਚ ਘੋਖਵੀਂ ਵਿਧੀ ਦੇ ਨਾਲ-ਨਾਲ ਇਨ੍ਹਾਂ ਵਿਚਲੇ ਕੱਥ ਨੂੰ ਸਾਹਿਤ ਦੀ ਇਤਿਹਾਸਕਾਰੀ ਵਾਲੀ ਵਿਧੀ ਨਾਲ ਪਰਖਿਆ ਹੈ।

ਇਸ ਖੰਡ ਦੇ ਵਿਸ਼ਲੇਸ਼ਣ ਵਿਚ ਉਨ੍ਹਾਂ ਨੇ ਇਤਿਹਾਸ ਲੇਖਕਾਂ ਦੇ ਮਾਈਕਰੋ ਅਧਿਐਨ ਤੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਤੇ ਸੀਮਾਵਾਂ ਨੂੰ ਪਛਾਣਦਿਆਂ ਸੂਤਰਬੱਧ ਰੂਪ ਵਿਚ ਸਾਰਤੱਤ ਪੇਸ਼ ਕੀਤੇ ਹਨ-

1. ਬਾਵਾ ਬੁੱਧ ਸਿੰਘ ਸਾਹਿਤ ਇਤਿਹਾਸ ਲਿਖਣ ਵਾਲੇ ਪਹਿਲੇ ਵਿਦਵਾਨ ਹਨ। ਭਾਵੇਂ ਉਨ੍ਹਾਂ ਕੋਲ ਇਤਿਹਾਸ ਲਿਖਣ ਦੀ ਕੋਈ ਮਾਡਲ ਚੇਤਨਾ ਨਹੀਂ ਪਰ ਉਹ ਸਾਹਿਤ ਦੀ ਸਾਂਭ ਸੰਭਾਲ ਵੱਲ ਸੇਧਿਤ ਹਨ। ਉਹ ਪੰਜਾਬੀ ਵਿਰਸੇ ਤੇ ਗੌਰਵਤਾ ਦੇ ਮਹੱਤਵ ਨੂੰ ਉਜਾਗਰ ਕਰਨ ਵੱਲ ਰੁਚਿਤ ਸਨ।
2. ਮੌਲਾ ਬਖਸ਼ ਕੁਸ਼ਤਾ ਵੀ ਅਜਿਹੇ ਯਤਨ ਕਰਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦਾ ਵਧੇਰੇ ਜ਼ੋਰ ਪੰਜਾਬੀ ਸਾਹਿਤ ਨੂੰ ਇਕੱਠਿਆਂ ਕਰਨ, ਤਬਾਹ ਹੋਣ ਤੋਂ ਬਚਾਉਣ, ਸ਼ਾਇਰਾਂ ਦੇ ਜੀਵਨ ਤੇ ਰਚਨਾਵਾਂ ਦੇ ਵੇਰਵੇ ਪ੍ਰਸਤੁਤ ਕਰਨ, ਵਿੱਤ ਮੂਜਬ ਟਿੱਪਣੀਆਂ ਕਰਨ, ਤਤਕਾਲੀਨ ਸਾਹਿਤਕ ਸਭਿਆਚਾਰ ਦੇ ਚੰਗੇ ਮਾੜੇ ਪੱਖਾਂ ਨੂੰ ਉਭਾਰਨ, ਸਾਹਿਤ ਨੂੰ ਕਿਸੇ ਧਰਮ ਜਾਂ ਸੰਪਰਦਾਏ ਦੀ ਵਿਅਕਤੀਗਤ ਰਾਸ ਪੂੰਜੀ ਨਾ ਮੰਨਣ ਤੇ ਇਸਨੂੰ ਪੰਜਾਬੀਆਂ ਦਾ ਸਾਂਝਾ ਸਰਮਾਇਆ ਦੱਸਣ, ਵਿੱਥਾਂ ਮੇਟਣ ਤੇ ਸਾਂਝਾਂ, ਏਕਤਾ ਤੇ ਭਾਈਚਾਰੇ ਨੂੰ ਵਧਾਉਣ ਤੇ ਸੈਕੂਲਰ ਸੋਚ ਉਨ੍ਹਾਂ ਦੇ ਇਤਿਹਾਸ ਦੇ ਸੂਤਰ ਹਨ।
3. ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਲਿਖਣ ਵਿਚ ਵੱਡਾ ਨਾਂ ਪੈਦਾ ਕੀਤਾ। ਕਾਲ ਵੰਡ ਤੋਂ ਲੈ ਕੇ ਸਾਹਿਤ ਦੀ ਪਰਖ ਪੜਚੋਲ ਕਰਨ ਵਿਚ ਉਨ੍ਹਾਂ ਨੇ ਕਈ ਪਹਿਲੂ ਛੋਹੇ। ਭਾਵੇਂ ਉਨ੍ਹਾਂ ਦੁਆਰਾ ਕੀਤੇ ਕਾਰਜ ਦੀਆਂ ਆਪਣੀਆਂ ਸੀਮਾਵਾਂ ਹਨ, ਪਰੰਤੂ ਉਸ ਦੁਆਰਾ ਵਰਤੋਂ ਵਿਚ ਲਿਆਂਦੇ ਜਾਂ ਵਰਤੇ ਗਏ ਇਤਿਹਾਸਕਾਰੀ ਦੇ ਮਾਡਲ ਦੇ ਮਹੱਤਵ ਨੂੰ ਅੱਜ ਵੀ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ; ਅਜੋਕੇ ਯੁੱਗ ਦੀਆਂ ਲੋੜਾਂ ਮੁਤਾਬਿਕ ਇਸ ਮਾਡਲ ਵਿਚ ਸਾਰਥਕ ਤਬਦੀਲੀਆਂ ਜ਼ਰੂਰ ਕੀਤੀਆਂ ਜਾ ਸਕਦੀਆਂ ਹਨ।
4. ਡਾ.ਬਨਾਰਸੀ ਦਾਸ ਜੈਨ ਨੇ ਲੁਧਿਆਣਵੀ ਉਪਭਾਖਾ ਦੀ ਖੋਜ ਦੇ ਨਾਲ-ਨਾਲ ਸਾਹਿਤ ਦਾ ਇਤਿਹਾਸ ਲਿਖਣ ਦੀ ਵੀ ਪਹਿਲ ਕੀਤੀ। ਉਹ ਉਨ੍ਹਾਂ ਮੁੱਢਲੇ ਸਾਹਿਤ ਇਤਿਹਾਸ ਦੇ ਲੇਖਕਾਂ ਵਿਚੋਂ ਸਨ ਜਿਨ੍ਹਾਂ ਨੇ ਉਸ ਵਕਤ ਇਤਿਹਾਸਕਾਰੀ ਦਾ ਕਾਰਜ ਕੀਤਾ, ਜਦੋਂ ਨਾ ਤਾਂ ਸਾਡੀ ਸਿਧਾਂਤਕ ਸੂਝ ਹੀ ਪੈਦਾ ਹੋਈ ਸੀ ਤੇ ਨਾ ਹੀ ਇਤਿਹਾਸਕ ਚੇਤਨਾ ਨੇ ਵਿਕਾਸ ਕੀਤਾ ਸੀ। ਅਜਿਹੀ ਸਥਿਤੀ ਵਿਚ ਉਨ੍ਹਾਂ ਵਲੋਂ ਕੀਤਾ ਗਿਆ ਕਾਰਜ ਤਾਂ ਮਹੱਤਵਪੂਰਨ ਹੈ ਹੀ ਨਾਲ ਦੀ ਨਾਲ ਭਵਿੱਖੀ ਵਿਦਵਾਨਾਂ ਨੂੰ ਇਸ ਖੇਤਰ ਵਿਚ ਨਿੱਤਰਨ ਤੇ ਆਪਣੇ ਸਾਹਿਤ ਦੇ ਵਿਰਸੇ ਦਾ ਇਤਿਹਾਸ ਲਿਖਣ ਲਈ ਪ੍ਰੇਰਨਾ ਵੀ ਪ੍ਰਦਾਨ ਕਰਦਾ ਹੈ।
5. ਡਾ. ਗੋਪਾਲ ਸਿੰਘ ਦਰਦੀ ਵੀ ਮੁੱਢਲੇ ਸਾਹਿਤ ਇਤਿਹਾਸ ਦੇ ਲੇਖਕਾਂ ਵਿਚ ਸ਼ਾਮਲ ਹੈ। ਉਨ੍ਹਾਂ ਦੇ ਸਮੁੱਚੇ ਚਿੰਤਨ ਕਾਰਜ ਨੂੰ ਸਮਝਣ ਤੇ ਉਸ ਬਾਰੇ ਕੋਈ ਰਾਏ ਸਥਾਪਿਤ ਕਰਨ ਲਈ ਇਸਨੂੰ ਇਕਾਈ ਜਾਂ ਸਮੁੱਚ ਵਿਚ ਗ੍ਰਹਿਣ ਕਰਨ ਦੀ ਲੋੜ ਹੈ। ਇਹ ਮੁੱਢਲੇ ਕਾਲ ਦਾ ਮੁੱਲਵਾਨ ਚਿੰਤਨ ਕਾਰਜ ਹੈ, ਇਸਨੂੰ ਇਸ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਸਹਿਤ ਹੀ ਸਵੀਕਾਰ ਕਰਨਾ ਚਾਹੀਦਾ ਹੈ।

6. ਸੁਰਿੰਦਰ ਸਿੰਘ ਨਰੂਲਾ ਪ੍ਰਸਿੱਧ ਨਾਵਲਕਾਰ ਹੋਣ ਦੇ ਨਾਲ ਨਾਲ ਇਤਿਹਾਸ ਲੇਖਣ ਵੀ ਕਰਦਾ ਹੈ। ਉਹਦੀ ਇਤਿਹਾਸਕਾਰੀ ਸ਼ੁੱਧ ਪੰਜਾਬੀਅਤ ਦੀ ਭਾਵਨਾ ਉਪਰ ਟਿਕੀ ਹੋਈ ਹੈ। ਉਹ ਰੰਗ, ਜਾਤ, ਨਸਲ ਦੇ ਭੇਦਾਂ ਤੋਂ ਉਪਰ ਉਠ ਕੇ ਤੱਥਾਂ ਦਾ ਇਕੱਤ੍ਰੀਕਰਨ ਕਰਦਾ, ਉਨ੍ਹਾਂ ਨੂੰ ਕਾਲ-ਕ੍ਰਮ ਵਿਚ ਟਿਕਾਉਂਦਾ, ਕਾਲ ਵੰਡ ਤੇ ਕਾਲਾਂ ਦੇ ਨਾਮਕਰਣ ਦਾ ਕਾਰਜ ਕਰਦਾ ਹੈ। ਉਸਦੀ ਸਾਹਿਤ ਚੇਤਨਾ ਉਸਦੇ ਇਤਿਹਾਸ ਲੇਖਣ ਤੋਂ ਬਾਅਦ ਚੋਖੀ ਵਿਕਸਤ ਹੋ ਜਾਂਦੀ ਹੈ ਜੋ ਆਲੋਚਨਾ ਵਿਸਥਾਰ ਵਿਚਲੀ ਸਿਧਾਂਤਕ ਚਰਚਾ ਵਿਚ ਨਜ਼ਰ ਆਉਂਦੀ ਹੈ।

7. ਗਿਆਨੀ ਹੀਰਾ ਸਿੰਘ ਦਰਦ ਬਹੁਪੱਖੀ ਪ੍ਰਤਿਭਾ ਵਾਲਾ ਲੇਖਕ ਹੈ। ਉਹ ਸਾਹਿਤ ਇਤਿਹਾਸ ਦੀਆਂ ਮੂਲ ਲੋੜਾਂ ਤੇ ਮੁੱਢਲੇ ਅਸੂਲਾਂ ਤੋਂ ਭਲੀਭਾਂਤ ਵਾਕਿਫ ਸੀ। ਉਹ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਵਿਗਿਆਨਕ ਅਸੂਲਾਂ ਤੇ ਦਲੀਲ-ਯੁਕਤ ਢੰਗ ਨਾਲ ਸਮਝਣਾ ਤੇ ਇਸ ਬੌਧਿਕ ਵਿਰਾਸਤ ਨੂੰ ਨਵੀਂ ਪੀੜ੍ਹੀ ਤਕ ਪਹੁੰਚਾਉਣਾ ਲੋੜਦਾ ਸੀ। ਉਹਦਾ ਨਜ਼ਰੀਆ ਮਾਰਕਸਵਾਦੀ, ਵਿਗਿਆਨਕ ਤੇ ਅਗਾਂਹਵਧੂ ਭਾਂਤ ਦਾ ਸੀ ਤੇ ਏਸੇ ਦ੍ਰਿਸ਼ਟੀ ਤੋਂ ਉਹ ਇਤਿਹਾਸ ਵਿਚ ਸਾਹਿਤ ਦੀ ਪਰਖ ਪੜਚੋਲ ਕਰਦਾ ਹੈ। ਏਸੇ ਕਰਕੇ ਅਜੋਕੇ ਪ੍ਰਸੰਗ ਵਿਚ ਉਹਦਾ ਲਿਖਿਆ ਇਤਿਹਾਸ ਤੱਥਾਂ ਦੀ ਸਹੀ, ਪ੍ਰਮਾਣਕ, ਭਰੋਸੇਯੋਗ ਵਿਆਖਿਆ ਤੇ ਸੰਤੁਲਿਤ ਸੋਚ ਤੇ ਨਜ਼ਰੀਏ ਕਰਕੇ ਗੌਰਵਸ਼ਾਲੀ ਤੇ ਗੌਲਣਯੋਗ ਕਿਰਤ ਹੈ।

8 ਆਈ . ਸੇਰੇਬਰੀਆਕੋਵ ਰੂਸੀ ਵਿਦਵਾਨ ਹੈ ਜਿਸਨੇ ਆਧੁਨਿਕ ਦੌਰ ਵਿਚ ਪੰਜਾਬੀ ਸਾਹਿਤ ਦਾ ਇਤਿਹਾਸ ਲਿਖਣ ਦਾ ਯਤਨ ਕੀਤਾ ਹੈ। ਇਹ ਇਤਿਹਾਸ ਵਿਦੇਸ਼ੀ ਵਿਦਵਾਨ ਦੁਆਰਾ ਰਚੀ ਗਈ ਕ੍ਰਿਤ ਹੋਣ ਸਦਕਾ ਇਸ ਕਾਰਜ ਵਿਚੋਂ ਤੱਥਿਕ ਭੁੱਲਾਂ ਅਤੇ ਵੱਖਰਤਾ/ਨਿਖੇੜੇ/ਅਦੁੱਤੀਅਤਾ ਪਛਾਣਨ ਦੀ ਅਲਪ ਸੋਝੀ ਦੀ ਸੀਮਾ ਦਿਖਾਈ ਦੇਂਦੀ ਹੈ, ਪਰੰਤੂ ਸਾਹਿਤ ਦੇ ਸਮੁੱਚੇ ਮਹਾਂਦ੍ਰਿਸ਼ ਨੂੰ ਇਕ ਇਕਾਈ, ਇਕਾਗਰਤਾ ਅਤੇ ਵਿਚਾਰਧਾਰਕ ਨਜ਼ਰੀਏ ਥਾਣੀਂ ਪਛਾਣਨ ਵਿਚ ਇਸਦੀ ਵੱਡੀ ਇਤਿਹਾਸਕ ਪ੍ਰਾਪਤੀ ਹੈ।

9. ਡਾ.ਜੀਤ ਸਿੰਘ ਸੀਤਲ ਉੱਘਾ ਵਿਦਵਾਨ, ਚਿੰਤਕ ਤੇ ਖੋਜੀ ਬਿਰਤੀ ਵਾਲਾ ਜਿਊੜਾ ਸੀ। ਉਹ ਇਸ ਤੱਥ ਪ੍ਰਤੀ ਸੁਚੇਤ ਸੀ ਕਿ ਪੰਜਾਬੀ ਸਾਹਿਤ ਦੇ ਅਣਗੋਲੇ ਤੇ ਅਣਘੋਖੇ ਪੱਖਾਂ ਨੂੰ ਸਾਹਮਣੇ ਲਿਆ ਕੇ ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ ਲਿਖਿਆ ਜਾ ਸਕਦਾ ਹੈ ਤੇ ਇਹ ਕਾਰਜ ਉਸਨੇ ਬਾਖ਼ੂਬੀ ਕੀਤਾ ਜੋ ਉਹਦੇ ਵੱਡ-ਆਕਾਰੀ ਗ੍ਰੰਥ ਵਿਚੋਂ ਝਲਕਦਾ ਹੈ। ਪਰ ਇਸ ਇਤਿਹਾਸ ਵਿਚ 'ਪੰਜਾਬੀ ਦੀਆਂ ਸਮੱਸਿਆਵਾਂ', 'ਪੰਜਾਬੀ ਦਾ ਭਵਿੱਖ' ਤੇ 'ਖੋਜ ਤੇ ਆਲੋਚਨਾ' ਆਦਿ ਪ੍ਰਸੰਗਾਂ ਰਾਹੀਂ ਉਹ ਆਲੋਚਨਾ ਦੇ ਅਧਿਐਨ ਖੇਤਰ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਕੁਲ ਮਿਲਾ ਕੇ ਆਪਣੀਆਂ ਕੁਝ ਖਾਮੀਆਂ ਦੇ ਬਾਵਜੂਦ ਇਹ ਇਤਿਹਾਸ ਮੁੱਲਵਾਨ ਤੇ ਗੌਲਣਯੋਗ ਕ੍ਰਿਤ ਹੈ।

10. ਪ੍ਰੋ. ਪਿਆਰਾ ਸਿੰਘ ਪਦਮ ਨੇ ਸਾਹਿਤ ਅਧਿਐਨ ਦੇ ਸਾਰੇ ਅਨੁਸ਼ਾਨਾਂ (ਖੋਜ, ਇਤਿਹਾਸ, ਸਿਧਾਂਤ ਅਤੇ ਆਲੋਚਨਾ) ਵਿਚ ਮੁੱਲਵਾਨ ਤੇ ਯਾਦਗਾਰੀ ਦੇਣ ਦਿਤੀ ਹੈ। ਉਸ ਦੁਆਰਾ ਕੀਤਾ ਕਾਰਜ ਸਾਡੇ ਗ੍ਰਹਿਣਯੋਗ ਬੌਧਿਕ ਵਿਰਸੇ ਦਾ ਹਿੱਸਾ ਹੈ। ਇਤਿਹਾਸ ਤਿਆਰ ਕਰਨ ਤੇ ਉਸਦੀ ਵਿਆਖਿਆ ਕਰਨ ਦੇ ਕਾਰਜ ਪਿੱਛੇ ਉਸਦੀ ਸਾਹਿਤ ਅਧਿਐਨ ਦੇ ਵਿਭਿੰਨ ਅਨੁਸ਼ਾਸਨਾਂ ਦੀ ਸੋਝੀ ਨੂੰ ਪਛਾਣਿਆ ਜਾ ਸਕਦਾ ਹੈ। ਏਸੇ ਕਰਕੇ ਉਹਦੀਆਂ ਕਿਰਤਾਂ ਦਾ ਮਹੱਤਵ ਬਣਿਆ ਹੋਇਆ ਹੈ।

ਤੀਸਰੇ ਖੰਡ ਵਿਚ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ : ਗਤੀ, ਪ੍ਰਗਤੀ ਅਤੇ ਸਥਿਤੀ ਦਾ ਜਾਇਜ਼ਾ ਲੈ ਕੇ ਇਕ ਤਰ੍ਹਾਂ ਨਾਲ ਸਾਹਿਤ ਦੀ ਇਤਿਹਾਸਕਾਰੀ ਦਾ ਪੋਇਟਿਕਸ ਰਚਨ ਦਾ ਉਪਰਾਲਾ ਕੀਤਾ ਹੈ। ਆਪਣੀ ਖੋਜ ਦੇ ਮਰਮ ਵਿਚੋਂ ਹੀ ਉਹ ਲਿਖਦੇ ਹਨ ਕਿ 'ਗਿਆਨ ਦੇ ਕਿਸੇ ਖੇਤਰ ਵਿਚ ਕੀਤੇ ਗਏ ਯਤਨ ਅੰਤਿਮ ਸੱਚ ਜਾਂ ਹਰਫੇ-ਆਖ਼ਰ ਨਹੀਂ ਹੁੰਦੇ। ਉਸ ਖੇਤਰ ਵਿਚਲੀਆਂ ਸੀਮਾਵਾਂ, ਔਗੁਣ, ਕਮੀਆਂ, ਅਧੂਰਾਪਨ ਤੇ ਨਾਕਾਮੀਆਂ ਦੀ ਪਛਾਣ ਹੀ ਉਸ ਖੇਤਰ ਵਿਚ ਅਗਾਂਹ ਸਰਕਣ ਜਾਂ ਖ਼ੂਬ ਨੂੰ ਖ਼ੂਬਤਰ ਬਣਾਉਣ ਵਿਚ ਸਾਡੀ ਸਹਾਇਤਾ ਕਰ ਸਕਦੀ ਹੈ।'

ਇਸ ਮਿਆਰੀ ਤੇ ਉਮਦਾ ਖੋਜ ਵਿਚ ਡਾ.ਹਰਿਭਜਨ ਸਿੰਘ ਭਾਟੀਆ ਨੇ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਨੂੰ ਇਕ ਨਵਾਂ ਆਯਾਮ ਦੇਣ ਦਾ ਜਤਨ ਕੀਤਾ ਹੈ। ਆਸ ਹੈ ਪੰਜਾਬੀ ਅਧਿਐਨ ਤੇ ਅਧਿਆਪਨ ਨਾਲ ਜੁੜੇ ਵਿਦਵਾਨ ਇਸਦਾ ਭਰਪੂਰ ਸਵਾਗਤ ਕਰਨਗੇ ਤੇ ਇਸ ਪਰੰਪਰਾ ਦਾ ਅੰਗ ਬਣਨ ਦੀ ਕੋਸ਼ਿਸ਼ ਕਰਨਗੇ। ਰੱਬ ਰਾਖਾ !

◈


www.sanvad.org
ISSN : 2395-1273

# ICSSR ਪ੍ਰਯੋਜਿਤ ਰਾਸ਼ਟਰੀ ਸੈਮੀਨਾਰ 'ਪੰਜਾਬ ਦੀ ਵੰਡ : ਪੁਨਰ ਚਿੰਤਨ'















## ਇਸ ਅੰਕ ਵਿਚ


- ਕੁਆਂਟਮ ਕਾਵਿ-ਸ਼ਾਸਤਰ
- ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼
- ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ
- ਪੰਜਾਬ ਵੰਡ (1947) : ਭੁਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ
- ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ
- ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ
- ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ
- ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ
- ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ
- ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ
- ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ
- ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ
- ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ
- ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ
- ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ
- ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼
- ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ
- ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ
- ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਿਤ ਪੰਜਾਬੀ ਨਾਵਲ ਸਮਾਜ-ਸਭਿਆਚਾਰਕ ਪਰਿਪੇਖ
- ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ
- ਪੁਸਤਕ ਰੀਵਿਊ



ISSN 2395-1273
21
₹ 200/-



ESTD. 1892
Department of Punjabi Studies
Khalsa College Amritsar
E-mail : sanvadpunjabi@gmail.com Website: www.sanvad.org